Excellence in Agri Info

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh • RNI/42269/83 • Issue Dated 30-03-2024 • Vol.42 No.13 • Ph. : 0175-2214575, 90410-14575 • Page : 16 | E-mail : khetiduniyan1983@gmail.com

## ਅੰਦਰ ਪੜ੍ਹੋ



ਕਿਵੇਂ ਚੱਲੇਗਾ ਪਾਣੀ ਬਿਨਾਂ ਜੀਵਨ



ਖੇਤੀ ਦਾ ਮੁਕੰਮਲ ਮਸ਼ੀਨੀਕਰਨ : ਚੁਣੌਤੀਆਂ ਨੂੰ ਦੂਰ ਕਰਨ ਦਾ ਯਤਨ



ਵਧੇਰੇ ਆਮਦਨੀ ਲਈ ਸੋਇਆਬੀਨ ਦੀ ਪ੍ਰੋਸੈਸਿੰਗ ਅਤੇ ਮੁੱਲ ਵਾਧਾ



ਖੇਤੀ ਲਾਗਤਾਂ, ਸਮਰਥਨ ਮੁੱਲ ਅਤੇ ਸਵਾਮੀਨਾਥਨ

## ਪੁਨਰ-ਉਤਪਾਦਕ ਖੇਤੀ, ਕਵਰ ਫਸਲਾਂ ਦੀ ਪੈਦਾਵਾਰ ਵਧਾਉਣ ਤੇ ਪਰਾਲੀ ਸਾੜਨ 'ਚ ਕਮੀ ਲਿਆਉਣ 'ਚ ਮਦਦ ਕਰੇਗੀ : ਆਈ.ਡੀ.ਐੱਚ.

ਵਿਕਾਸ ਏਜੰਸੀ ਆਈ. ਡੀ. ਐੱਚ. ਦੇ ਮੁੱਖ ਕਾਰਜਕਾਰੀ ਅਧਿਕਾਰੀ (ਗਲੋਬਲ) ਡੈਨ ਵੈਨਸਿੰਗ ਨੇ ਕਿਹਾ ਕਿ ਪੁਨਰ-ਉਤਪਾਦਕ ਖੇਤੀ (ਰੀਜਨਰੇਟਿਵ ਫਾਰਮਿੰਗ) ਮਿੱਟੀ ਦੇ ਕਟਾਅ ਨੂੰ ਰੋਕਣ ਲਈ ਕਵਰ ਵਾਲੀਆਂ ਫਸਲਾਂ ਉਗਾਉਣ ਅਤੇ ਮਿੱਟੀ ਵਿਚ ਪੌਸ਼ਟਿਕ ਤੱਤਾਂ ਨੂੰ ਵਾਪਸ ਕਰਨ ਨਾਲ ਨਾ ਸਿਰਫ ਕਿਸਾਨਾਂ ਨੂੰ ਆਰਥਿਕ ਮਦਦ ਮਿਲੇਗੀ, ਸਗੋਂ ਪਰਾਲੀ ਸਾੜਨ ਦੇ ਮਾਮਲਿਆਂ ਵਿਚ ਵੀ ਕਮੀ ਆਵੇਗੀ। ਖੇਤੀਬਾੜੀ ਵਿਚ, 'ਕਵਰ' ਫਸਲਾਂ ਉਹ ਪੌਦੇ ਹਨ ਜੋ ਵਾਢੀ ਦੇ ਉਦੇਸ਼ ਲਈ ਨਹੀਂ, ਸਗੋਂ ਮਿੱਟੀ ਨੂੰ ਢਕਣ ਲਈ ਲਗਾਏ ਜਾਂਦੇ ਹਨ ਤਾਂ ਜੋ ਮਿੱਟੀ ਹਵਾ ਨਾਲ ਨਸ਼ਟ ਨਾ ਹੋਵੇ।

ਹਾਲਾਂਕਿ, ਉਨ੍ਹਾਂ ਕਿਹਾ ਕਿ ਇਨ੍ਹਾਂ ਮੁੱਦਿਆਂ ਦੇ ਲੰਬੇ ਸਮੇਂ ਦੇ ਹੱਲ ਲਈ ਜਨਤਕ ਅਤੇ ਨਿਜੀ ਭਾਈਵਾਲੀ ਦੀ ਲੋੜ ਹੋਵੇਗੀ। ਵੇਨਸਿੰਗ ਨੇ ਦੱਸਿਆ, ''ਮਹੱਤਵਪੂਰਨ ਸਵਾਲ ਇਹ ਹੈ ਕਿ ਤੁਸੀਂ ਪੁਨਰ-ਉਤਪਤੀ ਖੇਤੀ ਕਿਵੇਂ ਕਰ ਸਕਦੇ ਹੋ ? ਤੁਸੀਂ ਖੇਤੀ ਖੇਤਰ ਨੂੰ ਵਧਾਏ ਬਿਨਾਂ ਉਤਪਾਦਨ ਕਿਵੇਂ ਵਧਾ ਸਕਦੇ ਹੋ ?'' ਉਨ੍ਹਾਂ ਕਿਹਾ, ''ਇਸ ਲਈ ਨਵੀਂ ਤਕਨਾਲੋਜੀ, ਨਵੇਂ ਹੱਲਾਂ ਦੀ ਲੋੜ ਹੈ। ਅਸੀਂ ਇਨ੍ਹਾਂ ਨਵੇਂ ਹੱਲਾਂ 'ਤੇ ਕੰਮ ਕਰਨ ਅਤੇ ਵੱਖ-ਵੱਖ ਸਥਿਤੀਆਂ ਵਿਚ ਉਨ੍ਹਾਂ ਦੀ ਜਾਂਚ ਕਰਨ ਲਈ ਜਨਤਕ ਅਤੇ ਨਿਜੀ ਕੰਪਨੀਆਂ ਨਾਲ ਸਾਂਝੀਦਾਰ ਕਰ ਰਹੇ ਹਾਂ।''

ਵੈਨਸਿੰਗ ਨੇ ਕਿਹਾ, ''ਸਾਨੂੰ ਪਰਾਲੀ ਨੂੰ ਹਟਾਉਣ ਅਤੇ ਵੱਖ-ਵੱਖ ਪ੍ਰਕਿਰਿਆਵਾਂ ਰਾਹੀਂ ਮਿੱਟੀ ਵਿਚ ਪੌਸ਼ਟਿਕ ਤੱਤਾ ਨੂੰ ਵਾਪਸ ਕਰਨ ਦੇ ਤਰੀਕੇ ਲੱਭਣ ਦੀ ਲੋੜ ਹੈ।'' ਉਨ੍ਹਾਂ ਨੇ ਉਪਜਾਊ ਸ਼ਕਤੀ ਬਰਕਰਾਰ ਰੱਖਣ ਲਈ ਮਿੱਟੀ ਵਿਚ ਜੈਵਿਕ ਕਾਰਬਨ ਦੀ ਮਾਤਰਾ ਵਧਾਉਣ ਲਈ ਨਵੀਆਂ ਤਕਨੀਕਾਂ ਅਪਣਾਉਣ ਦੀ ਵਕਾਲਤ ਕੀਤੀ। ਵੈਨਸਿੰਗ ਨੇ ਕਿਹਾ ਕਿ ਪਰਾਲੀ ਨੂੰ ਸਾੜਨ ਦੀ ਬਜਾਏ (ਜੋ ਕਿ ਨਿਕਾਸ ਦਾ ਕਾਰਨ ਬਣਦਾ ਹੈ)... ਮਿੱਟੀ ਦੀ ਉਪਜਾਊ ਸ਼ਕਤੀ ਨੂੰ ਸੁਧਾਰਨ ਲਈ ਨਵੇਂ ਤਰੀਕੇ ਲਾਗੂ ਕਰਨ ਨਾਲ ਪੈਦਾਵਾਰ ਵਧਾਉਣ ਅਤੇ 'ਸੀ.ਓ.-2' ਦੇ ਨਿਕਾਸ ਨੂੰ ਘਟਾਉਣ ਦੇ ਦੋਹਰੇ ਉਦੇਸ਼ ਦੀ ਪੂਰਤੀ ਕਰਨੀ ਹੋਵੇਗੀ।

ਸੀਈਓ ਨੇ ਕਿਹਾ ਕਿ ਦੁਨੀਆਂ ਭਰ ਵਿਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੀ ਗਿਣਤੀ ਵਿਚ ਵਾਧਾ ਮੁੱਖ ਤੌਰ 'ਤੇ ਇਸ ਲਈ ਹੈ ਕਿਉਂਕਿ 'ਉਨ੍ਹਾਂ ਨੂੰ ਢੁਕਵਾਂ ਭਾਅ ਨਹੀਂ ਮਿਲ ਰਿਹਾ ਹੈ।' ਉਨ੍ਹਾਂ ਕਿਹਾ, ''ਮੇਰੇ ਦੇਸ਼ (ਨੀਦਰਲੈਂਡ) ਵਿਚ ਵੀ, ਕਿਸਾਨਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ..... ਦੇਸ਼ ਤੋਂ ਬਾਹਰ, ਇਸ ਦਾ ਮੁੱਖ ਕਾਰਨ ਇਹ ਹੈ ਕਿ ਕਿਸਾਨ ਮੁੱਲ ਲੜੀ ਦੇ ਆਖਰੀ ਸਿਰੇ 'ਤੇ ਹਨ।''

ਉਨ੍ਹਾਂ ਕਿਹਾ, ''ਇਕ ਸਮਾਜ ਦੇ ਰੂਪ ਵਿਚ, ਅਸੀਂ ਜਲਵਾਯੂ ਤਬਦੀਲੀ ਅਤੇ ਜੈਵ ਵਿਭਿੰਨਤਾ ਦੇ ਨੁਕਸਾਨ ਦੇ ਮੱਦੇਨਜ਼ਰ ਵਾਤਾਵਰਣ ਦੀ ਸਥਿਰਤਾ ਚਾਹੁੰਦੇ ਹਾਂ।'' ਵੈਨਸਿੰਗ ਨੇ ਕਿਹਾ, ''ਇਸ ਦੀ ਜ਼ਿੰਮੇਵਾਰੀ ਅਕਸਰ ਕਿਸਾਨਾਂ 'ਤੇ ਹੀ ਹੀ ਪੈਂਦੀ ਹੈ। ਜੇ ਅਸੀਂ ਤਬਦੀਲੀ ਦੇ ਇਸ ਸਮੇਂ ਦੌਰਾਨ ਉਨ੍ਹਾਂ ਦਾ ਸਮਰਥਨ ਨਹੀਂ ਕਰਦੇ ਹਾਂ ਅਤੇ ਜੇਕਰ ਅਸੀਂ ਸਾਰੇ ਜੋਖਮ ਅਤੇ ਲਾਗਤ ਕਿਸਾਨ 'ਤੇ ਪਾ ਦਿੰਦੇ ਹਾਂ, ਤਾਂ ਉਨ੍ਹਾਂ ਕੋਲ ਕੋਈ ਰਸਤਾ ਨਹੀਂ ਹੋਵੇਗਾ।''

### ਕਿਸਾਨ ਵੀਰ

## ਕਣਕ ਦਾ ਨਿਰੋਗੀ ਅਤੇ ਮਿਆਰੀ ਬੀਜ ਆਪ ਪੈਦਾ ਕਰੋ



**1. ਸਿੱਟੇ ਆਉਣ ਤੋਂ ਪਹਿਲਾਂ**

ਬੀਜ ਵਾਲੀ ਫਸਲ ਦਾ ਸਿੱਟੇ ਆਉਣ ਤੋਂ ਪਹਿਲਾਂ ਨਾਲ ਨਿਰੀਖਣ ਕਰਕੇ ਗੈਰ ਕਿਸਮਾਂ ਦੇ ਬੂਟੇ, ਆਪ-ਉੱਗੇ ਬੂਟੇ, ਨਦੀਨਾਂ ਦੇ ਬੂਟੇ ਅਤੇ ਬਿਮਾਰੀ ਵਾਲੇ ਬੂਟੇ ਕੱਢ ਦੇਣੇ ਚਾਹੀਦੇ ਹਨ।

**2. ਸਿੱਟੇ ਆਉਣ ਤੇ**

ਜਿਨ੍ਹਾਂ ਅਣਚਾਹੇ ਬੂਟਿਆਂ ਦੀ ਪਹਿਲਾਂ ਪਛਾਣ ਨਹੀਂ ਹੁੰਦੀ ਉਹ ਇਸ ਵਕਤ ਆਸਾਨੀ ਨਾਲ ਪਛਾਣੇ ਜਾਂਦੇ ਹਨ। ਇਹਨਾਂ ਗੈਰ ਬੂਟਿਆਂ ਨੂੰ ਸਿੱਟੇ ਆਉਣ ਤੇ ਝੱਟ ਬਾਹਰ ਕੱਢ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਫਸਲ ਨੂੰ ਦੂਜੀ ਕਿਸਮ ਦੇ ਪਾਰ-ਪ੍ਰਾਗਣ ਤੋਂ ਬਚਾਇਆ ਜਾ ਸਕਦਾ ਹੈ। ਇਹ ਹੀ ਸਮਾਂ ਹੈ ਜਦੋਂ ਸਿੱਟਿਆਂ ਦੀ ਕਾਂਗਿਆਰੀ ਅਤੇ ਪੱਤਿਆਂ ਦੀ ਕਾਂਗਿਆਰੀ ਵਾਲੇ ਬੂਟੇ ਵੀ ਖੇਤ ਵਿਚ ਨਜ਼ਰ ਆਉਣ ਲੱਗ ਜਾਂਦੇ ਹਨ। ਇਹਨਾਂ ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ/ਸਿੱਟਿਆਂ ਨੂੰ ਧਿਆਨ ਨਾਲ ਕੱਢ ਕੇ ਇਕ ਬੋਰੀ ਵਿਚ ਇਕੱਠੇ ਕਰਕੇ ਨਸ਼ਟ ਕਰ ਦਿਉ। ਨਿਰੀਖਣ ਕਰਦਿਆਂ, ਕਿਸਮਾਂ ਦੇ ਬੂਟੇ ਕੱਢਦਿਆਂ ਇਸ ਗੱਲ ਦਾ ਧਿਆਨ ਰੱਖੋ ਕਿ ਸੂਰਜ ਤੁਹਾਡੇ ਪਿਛਲੇ ਪਾਸੇ ਹੋਵੇ ਜਾਂ ਇਕ ਪਾਸੇ ਹੋਵੇ। ਇਹ ਹੀ ਢੁੱਕਵਾਂ ਸਮਾਂ ਹੈ ਜਦੋਂ ਕਰਨਾਲ ਬੰਟ ਨਾਂ ਦੀ ਬਿਮਾਰੀ ਤੋਂ ਫਸਲ ਨੂੰ ਬਚਾਅ ਸਕਦੇ ਹਾਂ। ਕਰਨਾਲ ਬੰਟ ਰਹਿਤ ਬੀਜ ਤਿਆਰ ਕਰਨ ਲਈ, ਸਿੱਟੇ ਨਿਕਲਣ ਵੇਲੇ 200 ਮਿਲੀਲੀਟਰ ਟਿਲਟ 25 ਈ ਸੀ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਇੱਕ ਛਿੜਕਾਅ ਕਰ ਦਿਓ।



**ਬੀਜ ਦੀ ਕਟਾਈ, ਗਹਾਈ ਅਤੇ ਸਾਂਭ-ਸੰਭਾਲ**

ਬੀਜ ਨੂੰ ਚੰਗੀ ਤਰ੍ਹਾਂ ਧੁੱਪ ਵਿੱਚ ਸੁਕਾ ਲਉ, ਤਾਂ ਕਿ ਨਮੀਂ 10 ਪ੍ਰਤੀਸ਼ਤ ਤੋਂ ਘੱਟ ਹੋਵੇ ਅਤੇ ਗੋਦਾਮ ਵਿੱਚ ਉੱਲੀਆਂ ਜਾਂ ਕੀੜਿਆਂ ਦਾ ਹਮਲਾ ਨਾ ਹੋ ਸਕੇ। ਬੀਜ ਨੂੰ ਸੁੱਸਰੀ ਅਤੇ ਗੁਦਾਮ ਦੇ ਹੋਰ ਕੀੜੇ-ਮਕੌੜਿਆਂ ਤੋਂ ਬਚਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੇ ਤਰੀਕੇ ਵਰਤੇ ਜਾਣ। ਸਿੱਟਿਆਂ ਦੀ ਕਾਂਗਿਆਰੀ ਤੋਂ ਪੂਰੀ ਤਰ੍ਹਾਂ ਬੀਜ ਨੂੰ ਮੁਕਤ ਕਰਨ ਲਈ, ਮਈ/ਜੂਨ ਦੇ ਮਹੀਨੇ ਕਣਕ ਦੇ ਬੀਜ ਨੂੰ ਸਵੇਰੇ 8 ਵਜੇ ਤੋਂ ਲੈ ਕੇ ਦੁਪਹਿਰ ਦੇ 12 ਵਜੇ ਤੱਕ ਪੂਰੀ ਧੁੱਪ ਵਾਲੇ ਦਿਨ ਪਾਣੀ ਵਿੱਚ ਭਿਉਂ ਕੇ ਰੱਖੋ।

ਰੀਤੂ ਬਾਲਾ, ਜਸਪਾਲ ਕੌਰ ਅਤੇ ਪੂਜਾ ਸ਼੍ਰੀਵਾਸਤਵਾ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ,
ਪੀ. ਏ. ਯੂ., ਲੁਧਿਆਣਾ ਮੋ. 98557-04774





# ਕਿਵੇਂ ਚੱਲੇਗਾ ਪਾਣੀ ਬਿਨਾਂ ਜੀਵਨ

ਕੇਹਰ ਸਿੰਘ ਹਿੱਸੋਵਾਲ,
ਐਡਵੋਕੇਟ, ਚੇਅਰਮੈਨ ਯੂਨੀਵਰਸਲ ਮਨੁੱਖੀ ਅਧਿਕਾਰ ਬਿਊਰੋ ।
ਮੋ. 98141-25593

**ਪਾਣੀ ਲਗਾਤਾਰ ਘਟ ਰਿਹਾ ਹੈ । ਦੇਸ਼ ਸੰਸਾਰ ਦਾ ਸਭ ਤੋਂ ਵੱਧ ਪਾਣੀ ਦੇ ਸੰਕਟ ਨਾਲ ਸੰਬੰਧਿਤ ਦੇਸ਼ ਬਣ ਗਿਆ ਹੈ । ਜੇਕਰ ਇਹ ਵੀ ਹਾਲ ਰਿਹਾ ਤਾਂ ਪਾਣੀ ਇਕ ਵੱਡੀ ਵਪਾਰੀ ਵਸਤੂ ਬਣ ਕੇ ਰਹਿ ਜਾਵੇਗੀ । ਮਹਿੰਗੇ ਪਾਅ ਹੱਟੀਆਂ ਤੋਂ ਪਾਣੀ ਦੀ ਖਰੀਦ ਕੀਤੀ ਜਾਵੇਗੀ । ਇਹ ਪਾਣੀ ਦੀ ਘਾਟ ਦੀ ਵਜ੍ਹਾ ਕਰਕੇ ਹੀ ਹੈ ਕਿ ਅੱਜ ਵੱਖ-ਵੱਖ ਸੂਬਿਆਂ ਦੇ ਆਪਸੀ ਪਾਣੀ ਸੰਬੰਧੀ ਝਗੜੇ ਚੱਲ ਰਹੇ ਹਨ । ਨਰਮਦਾ ਬਚਾਓ ਅੰਦੋਲਨ ਬਨਾਮ ਕੇਂਦਰ ਸਰਕਾਰ ਦੇ 2001 ਦੇ ਕੇਸ ਵਿਚ ਤਾਂ ਸੁਪਰੀਮ ਕੋਰਟ ਨੇ ਪਾਣੀ ਨੂੰ ਹਰ ਇਕ ਦਾ ਮੌਲਿਕ ਅਧਿਕਾਰ ਹੀ ਘੋਸ਼ਿਤ ਕਰ ਦਿੱਤਾ ਸੀ । ਪਾਣੀ ਦੀ ਜੇਕਰ ਅਸੀਂ ਸਮਝ ਨਾਲ, ਸੰਕੋਚ ਨਾਲ, ਲੋੜ ਮੁਤਾਬਿਕ ਵਰਤੋਂ ਕਰੀਏ ਤਾਂ ਲੱਖਾਂ ਕਰੋੜਾਂ ਲਿਟਰ ਪਾਣੀ ਅਸੀਂ ਬਿਨਾਂ ਕੁਝ ਕੀਤੇ, ਬਿਨਾਂ ਕੁਝ ਖਰਚੇ ਹੀ ਬਚਾ ਸਕਦੇ ਹਾਂ । ਇਹੀ ਪਾਣੀ ਅਸੀਂ ਲੋੜ ਮੁਤਾਬਿਕ ਵਰਤ ਸਕਦੇ ਹਾਂ, ਪਰ ਸਾਡਾ ਇਸ ਪਾਸੇ ਧਿਆਨ ਹੀ ਨਹੀਂ ਹੈ ।**

ਪਾਣੀ ਜੀਵਨ ਦੀ ਮੁੱਖ ਜ਼ਰੂਰਤ ਹੈ । ਪਾਣੀ ਤੋਂ ਬਿਨਾਂ ਜੀਵਨ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਹੈ । ਮਨੁੱਖ ਨੇ ਸ਼ੁਰੂ ਤੋਂ ਹੀ ਉੱਥੇ ਹੀ ਵਾਸਾ ਕੀਤਾ ਹੈ, ਜਿੱਥੇ ਪਾਣੀ ਉਪਲਬਧ ਸੀ । ਸਾਰੀਆਂ ਹੀ ਸੱਭਿਆਤਾਵਾਂ ਉੱਥੇ ਹੀ ਪੈਦਾ ਹੋਈਆਂ ਜਿੱਥੇ ਪਾਣੀ ਸੀ । ਸਾਡੇ ਗੁਰੂਆਂ ਨੇ ਵੀ ਪਾਣੀ ਨੂੰ ਪਿਤਾ ਦਾ ਦਰਜਾ ਦੇ ਕੇ ਪਾਣੀ ਦੀ ਅਹਿਮੀਅਤ ਬਾਰੇ ਜ਼ਿਕਰ ਕੀਤਾ ਹੈ, ਪਰ ਅਸੀਂ ਇਸ ਕੁਦਰਤੀ ਦਾਤ ਦੀ ਕੋਈ ਕਦਰ ਨਹੀਂ ਕੀਤੀ । ਪਾਣੀ ਦੀ ਦੁਰਵਰਤੋਂ ਤਾਂ ਅਸੀਂ ਕੀਤੀ ਹੀ ਹੈ ਪਰ ਦੂਜੀ ਹੋਰ ਜਿਹੜੀ ਜ਼ਿਆਦਤੀ ਅਸੀਂ ਪਾਣੀ ਨਾਲ ਕੀਤੀ ਹੈ, ਉਹ ਹੈ ਪਾਣੀ ਨੂੰ ਗੰਧਲਾ ਕਰਨਾ । ਅੱਜ ਸਾਡੇ ਦੇਸ਼ ਦੇ ਸਾਰੇ ਦੀ ਪਾਣੀ ਦੇ ਸਰੋਤ ਗੰਦ ਮੰਦ ਨਾਲ ਭਰੇ ਪਏ ਹਨ । ਪਾਣੀ ਨੂੰ ਗੰਧਲਾ ਅਸੀਂ ਆਪ ਕੀਤਾ ਹੈ । ਭਾਵੇਂ ਅੱਜ ਸ਼ੁੱਧ ਪਾਣੀ ਦੀ ਵੱਡੀ ਕਿੱਲਤ ਆ ਗਈ ਹੈ । ਪਾਣੀ ਹੱਟੀਆਂ 'ਤੇ ਵਿਕਣ ਲੱਗ ਪਿਆ ਹੈ, ਪਰ ਉਸਦੇ ਬਾਵਜੂਦ ਵੀ ਅਸੀਂ ਪਾਣੀ ਦੀ ਕਦਰ ਨਹੀਂ ਕਰਦੇ । ਕਦੀ ਉਹ ਵੀ ਸਮਾਂ ਸੀ ਜਦੋਂ ਅਸੀਂ ਦਰਿਆਵਾਂ ਦਾ ਪਾਣੀ, ਨਦੀਆਂ ਦਾ ਪਾਣੀ ਅਕਸਰ ਵਰਤਦੇ ਸੀ । ਇਥੋਂ ਤੱਕ ਕਿ ਪੀਂਦੇ ਵੀ ਸੀ, ਪਰ ਅੱਜ ਇਹ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ । ਪਾਣੀ ਦਾ ਸੰਕਟ ਦਿਨੋ-ਦਿਨ ਡੂੰਘਾ ਹੁੰਦਾ ਜਾ ਰਿਹਾ ਹੈ । ਪਾਣੀ ਦਿਨੋ-ਦਿਨ ਖਤਮ ਹੁੰਦਾ ਜਾ ਰਿਹਾ ਹੈ । ਪਾਣੀ ਦੀ ਥੁੜ ਲਗਾਤਾਰ ਵਧ ਰਹੀ ਹੈ । ਪਾਣੀ ਹਰ ਇਕ ਨੂੰ ਮਿਲਣਾ ਚਾਹੀਦਾ ਹੈ । ਭਾਵੇਂ ਇਹ ਕੁਦਰਤੀ ਦਾਤ ਮੁਫਤ ਵਿਚ ਮਿਲੀ ਹੈ, ਪਰ ਅਸੀਂ ਹਾਲਾਤ ਇਹ ਬਣਾ ਦਿੱਤੇ ਹਨ ਕਿ ਪਾਣੀ ਹੱਟੀਆਂ 'ਤੇ ਵਿਕਣ ਲੱਗ ਪਿਆ ਹੈ । ਜੇਕਰ ਹਾਲਾਤ ਨਾ ਸੁਧਰੇ ਤੇ ਅਸੀਂ ਪਾਣੀ ਦੀ ਕਦਰ ਨਾ ਕੀਤੀ ਤਾਂ ਇਕ ਦਿਨ ਸਾਡੀ ਜ਼ਰੂਰਤ ਦਾ ਸਾਰਾ ਹੀ ਪਾਣੀ ਹੱਟੀਆਂ ਤੋਂ ਹੀ ਮਿਲੇਗਾ ।

ਪਾਣੀ ਲਗਾਤਾਰ ਸਾਡੇ ਤੋਂ ਦੂਰ ਹੋ ਰਿਹਾ ਹੈ । ਦੇਸ਼ ਵਿਚ ਪੀਣਯੋਗ ਪਾਣੀ ਦੀ ਕਿੱਲਤ ਆ ਗਈ ਹੈ । ਪਾਣੀ ਦੀ



ਹੈ । ਭਾਵੇਂ ਪੂਰੀ ਦੁਨੀਆਂ ਹੀ ਪਾਣੀ ਦੇ ਸੰਕਟ ਨਾਲ ਜੂਝ ਰਹੀ ਹੈ, ਪਰ ਪਾਣੀ ਦਾ ਖਤਮ ਹੋਣਾ ਸਾਡੇ ਲਈ ਵੱਧ ਚਿੰਤਾ ਵਾਲੀ ਗੱਲ ਹੈ । ਸਾਡੇ ਦੇਸ਼ ਵਿਚ ਦੁਨੀਆਂ ਦੀ 18 ਫੀਸਦੀ ਆਬਾਦੀ ਵਸਦੀ ਹੈ, ਜਦੋਂ ਕਿ ਸਾਡੇ ਪਾਸ ਪਾਣੀ ਦੇ ਸਰੋਤ ਸਿਰਫ 4 ਫੀਸਦੀ ਹਨ । ਸਾਡੀ ਆਬਾਦੀ ਮੁਤਾਬਿਕ ਸਾਨੂੰ ਵੱਧ ਪਾਣੀ ਦੀ ਜ਼ਰੂਰਤ ਹੈ, ਪਰ ਇਸ ਪਾਸੇ ਕਿਸੇ ਦਾ ਵੀ ਧਿਆਨ ਨਹੀਂ ਹੈ । ਸਰਕਾਰਾਂ ਸਿਆਸਤ ਖੇਡ ਰਹੀਆਂ ਹਨ । ਜਿਸ ਮੁੱਦੇ ਨੂੰ ਅੱਗੇ ਕਰਕੇ ਲੋਕਾਂ ਦੀ ਵੋਟ ਪ੍ਰਾਪਤ ਹੋ ਸਕਦੀ ਹੈ, ਉਹ ਹੀ ਮੁੱਦਾ ਮੁੱਖ ਰੱਖਿਆ ਜਾਂਦਾ ਹੈ । ਦੁੱਖ ਦੀ ਗੱਲ ਹੈ ਕਿ ਸਾਡੀਆਂ ਸਰਕਾਰਾਂ ਲਈ ਪਾਣੀ ਕੋਈ ਮੁੱਦਾ ਹੀ ਨਹੀਂ ਹੈ । ਬਿਨਾਂ ਸ਼ੱਕ ਪਾਣੀਆਂ ਦੇ ਝਗੜੇ ਚਲਦੇ ਹਨ, ਪਰ ਉਹ ਸਿਆਸੀ ਪੈਂਤੜੇਬਾਜ਼ੀ ਹੈ । ਇਕ ਸੂਬਾ ਕਹਿ ਰਿਹਾ ਹੈ ਅਸੀਂ ਪਾਣੀ ਦੀ ਬੂੰਦ ਵੀ ਕਿਸੇ ਨੂੰ ਨਹੀਂ ਦੇਵਾਂਗੇ । ਦੂਜਾ ਸੂਬਾ ਕਹਿੰਦਾ ਪਾਣੀ ਲੈ ਕੇ ਰਹਾਂਗੇ । ਪਰ ਪਾਣੀ 'ਤੇ ਤਾਂ ਹਰ ਇਕ ਦਾ ਅਧਿਕਾਰ ਹੈ । ਕੁਝ ਸਮਾਂ ਦੇਸ਼ ਦੀ ਵੱਡੀ ਅਦਾਲਤ ਨੇ ਪਾਣੀ ਨੂੰ ਸੰਵਿਧਾਨ ਦੇ ਅਨੁਛੇਦ 21 ਦਾ ਹਿੱਸਾ ਦੱਸ ਕੇ ਪਾਣੀ ਨੂੰ ਹਰ ਇਕ ਦਾ ਮੌਲਿਕ ਅਧਿਕਾਰ ਬਣਾ ਦਿੱਤਾ ਹੈ । ਬਿਲਕੁਲ ਦਰੁਸਤ ਗੁਣਵੱਤਾ ਨੂੰ ਬਰਕਰਾਰ ਰੱਖਣ ਲਈ ਸਾਨੂੰ ਫਿਕਰਮੰਦ ਹੋਣਾ ਹੀ ਪਵੇਗਾ । ਕਿੰਨੇ ਕੁ ਆਰ. ਓ. ਜਾਂ ਫਿਲਟਰ ਲਾਓਗੇ । ਸਾਡੇ ਪਾਣੀ ਦੇ ਸਰੋਤ ਲਗਾਤਾਰ ਮਲੀਨ ਹੋ ਰਹੇ ਹਨ । ਦੁੱਖ ਦੀ ਗੱਲ ਹੈ ਕਿ ਪਾਣੀ ਸਾਫ ਕਰਨ ਲਈ ਅਸੀਂ ਵੱਡੇ-ਵੱਡੇ ਪਾਣੀ ਸ਼ੁੱਧੀ ਕੇਂਦਰ ਤਾਂ ਬਣਾ ਲਏ, ਆਰ. ਓ. ਤਾਂ ਲਾ ਲਏ ਪਰ ਪਾਣੀ ਸ਼ੁੱਧ ਰੱਖਣ ਲਈ ਕੋਈ ਯਤਨ ਨਹੀਂ ਕਰ ਰਹੇ ਹਾਂ । ਪਹਿਲੀ ਗੱਲ ਤਾਂ ਅਸੀਂ ਪਾਣੀ ਦੀ ਦੁਰਵਰਤੋਂ ਕਰਦੇ ਹਾਂ । ਅਸੀਂ ਲੋੜੋਂ ਵੱਧ ਪਾਣੀ ਦੀ ਵਰਤੋਂ ਕਰਦੇ ਹਾਂ । ਜ਼ਮੀਨਦੋਜ਼ ਪਾਣੀ 'ਤੇ ਲੋੜੋਂ ਵੱਧ ਦਬਾਅ ਬਣਿਆ ਹੋਇਆ ਹੈ । ਜ਼ਮੀਨਦੋਜ਼ ਪਾਣੀ ਦੀਆਂ ਕਈ ਪਰਤਾਂ ਤਾਂ ਅਸੀਂ ਖਤਮ ਹੀ ਕਰ ਦਿੱਤੀਆਂ ਹਨ । ਕੁਝ ਕੁ ਪਰਤਾਂ ਹੀ ਜ਼ਮੀਨਦੋਜ਼ ਪਾਣੀ ਦੀਆਂ ਸਾਡੇ ਪਾਸ ਬਚੀਆਂ ਹਨ । ਜੇਕਰ ਅਸੀਂ ਨਾ ਸੁਧਰੇ ਤਾਂ ਅਗਲੇ 25 ਕੁ ਸਾਲਾਂ ਤੱਕ ਅਸੀਂ ਪਾਣੀ ਤੋਂ ਵਾਂਝੇ ਹੋ ਜਾਵਾਂਗੇ । ਸੰਯੁਕਤ ਰਾਸ਼ਟਰ ਸੰਘ ਦੀ ਇਕ ਤਾਜ਼ਾ ਰਿਪੋਰਟ ਮੁਤਾਬਕ ਅੱਜ ਦੀ ਘੜੀ ਵਿਚ ਸੰਸਾਰ ਦੀ 26 ਫੀਸਦੀ ਵਸੋਂ ਕੋਲ ਸ਼ੁੱਧ ਪੀਣਯੋਗ ਪਾਣੀ ਨਹੀਂ ਹੈ । ਭਾਰਤ ਬਾਰੇ ਸੰਯੁਕਤ ਰਾਸ਼ਟਰ ਸੰਘ ਦਾ ਕਹਿਣਾ ਹੈ ਕਿ ਭਾਰਤ ਤੇਜ਼ੀ ਨਾਲ ਪਾਣੀ ਦੇ ਮਾਮਲੇ ਵਿਚ ਸੰਕਟ ਵੱਲ ਵਧ ਰਿਹਾ ਹੈ । ਭਾਰਤ ਸੰਸਾਰ ਦੇ ਪਾਣੀ ਦੇ ਵੱਧ ਸੰਕਟ ਵਾਲੇ ਦੇਸ਼ਾਂ ਦੀ ਕਤਾਰ ਵਿਚ ਸ਼ਾਮਿਲ ਹੋ ਗਿਆ ਹੈ । ਦੇਸ਼ ਦੇ ਕੇਂਦਰ ਜਲ ਬੋਰਡ ਦੀ ਰਿਪੋਰਟ ਮੁਤਾਬਿਕ ਅਗਲੇ ਆਉਣ ਵਾਲੇ 16 ਸਾਲਾਂ ਵਿਚ ਪਾਣੀ ਇਕ ਹਜ਼ਾਰ ਫੁੱਟ ਤੱਕ ਹੇਠਾਂ ਚਲਿਆ ਜਾਵੇਗਾ, ਜੋ ਸਾਡੇ ਲਈ ਖਤਰੇ ਦੀ ਘੰਟੀ ਤੋਂ ਘੱਟ ਨਹੀਂ ਹੈ । ਅਜਿਹੇ ਸੰਕੇਤ ਮਿਲਣ ਦੇ ਬਾਵਜੂਦ ਅਸੀਂ ਪਾਣੀ ਪ੍ਰਤੀ ਅਵੇਸਲੇ ਹਾਂ । ਦੇਸ਼ ਦੀ ਪੰਜਾਹ ਫੀਸਦੀ ਤੋਂ ਵੱਧ ਆਬਾਦੀ ਕੋਲ ਪੀਣ ਵਾਲਾ ਪਾਣੀ ਉਪਲਬਧ ਨਹੀਂ ਹੈ । ਕਰੀਬ 2 ਲੱਖ ਲੋਕ ਹਰ ਸਾਲ ਸਾਫ ਪਾਣੀ ਦੀ ਥੁੜ ਪੱਖੋਂ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ । ਜੇਕਰ ਅਸੀਂ ਪਾਣੀ ਦੀ ਦੁਰਵਰਤੋਂ ਜਾਰੀ ਰੱਖੀ ਤਾਂ ਸੰਨ 2030 ਤੱਕ ਸਾਡੇ ਕੋਲ ਸਾਡੀ ਲੋੜ ਮੁਤਾਬਿਕ 50 ਫੀਸਦੀ ਪਾਣੀ ਘੱਟ ਹੋਵੇਗਾ । ਸਤੰਬਰ 2023 ਤੱਕ ਸਾਡੇ ਕੋਲ ਪਾਣੀ ਦਾ 25.609 ਬਿਲੀਅਨ ਕਿਊਬਕ ਮੀਟਰ ਦਾ ਭੰਡਾਰ ਸੀ ਜਿਹੜਾ ਅੱਜ 24.575 ਬਿਲੀਅਨ ਕਿਊਬਕ ਮੀਟਰ ਰਹਿ ਗਿਆ ਹੈ । ਹਾਲਾਤ ਮੁਤਾਬਿਕ 2025 ਤੱਕ ਪਾਣੀ ਦੀ ਮੰਗ 22 ਫੀਸਦੀ ਹੋਰ ਵਧ ਜਾਵੇਗੀ ਅਤੇ 2050 ਤੱਕ ਇਹ ਮੰਗ 32 ਫੀਸਦੀ ਤੱਕ ਵਧ ਜਾਵੇਗੀ । ਸੰਯੁਕਤ ਰਾਸ਼ਟਰ ਸੰਘ ਦੀ ਇਕ ਰਿਪੋਰਟ ਮੁਤਾਬਿਕ ਸੰਨ 2025 ਤੱਕ ਭਾਰਤ ਦੇ ਗੰਗਾ ਖੇਤਰ ਦੇ ਕਾਫੀ ਹਿੱਸੇ ਅਤੇ ਉਤਰੀ ਪੱਛਮੀ ਖੇਤਰ ਦਾ ਕਾਫੀ ਵੱਡਾ ਹਿੱਸਾ ਜ਼ਮੀਨਦੋਜ਼ ਪਾਣੀ ਦੇ ਲਗਾਤਾਰ ਹੇਠਾਂ ਜਾਣ ਕਰਕੇ ਸੰਕਟ ਵਿਚ ਆ ਜਾਵੇਗਾ । ਸੰਯੁਕਤ ਰਾਸ਼ਟਰ ਸੰਘ ਦਾ ਇਹ ਵੀ ਕਹਿਣਾ ਹੈ ਕਿ ਪਾਣੀ ਸਰਬ ਸਾਂਝਾ ਹੈ । ਇਹ ਹਰ ਇਕ ਦੀ ਮਲਕੀਅਤ ਹੈ । ਪਰ ਅਜਿਹਾ ਕਿਸ ਤਰ੍ਹਾਂ ਹੋਵੇਗਾ ਜੇਕਰ ਸਾਡੇ ਕੋਲ ਪਾਣੀ ਹੀ ਨਾ ਰਿਹਾ ।

ਬਿਨਾਂ ਸ਼ੱਕ ਅੱਜ ਸਾਡੇ ਕੋਲ ਪਾਣੀ ਬਹੁਤ ਘੱਟ ਮਾਤਰਾ ਵਿਚ ਰਹਿ ਗਿਆ ਹੈ । ਅਜ਼ਾਦੀ ਤੋਂ ਅੱਜ ਤੱਕ ਸਾਡੇ ਕੋਲ ਪਾਣੀ ਪ੍ਰਤੀ ਵਿਅਕਤੀ 75 ਫੀਸਦੀ ਘੱਟ ਗਿਆ ਹੈ । ਸੰਨ 1947 ਵਿਚ ਦੇਸ਼ ਵਿਚ ਪ੍ਰਤੀ ਵਿਅਕਤੀ 6042 ਕਿਊਬਿਕ ਮੀਟਰ ਪਾਣੀ ਸੀ ਜੋ ਸੰਨ 2021 ਵਿਚ 1486 ਕਿਊਬਿਕ ਮੀਟਰ ਰਹਿ ਗਿਆ ਹੈ । ਸੰਨ 2050 ਤੱਕ ਦੇਸ਼ ਦੇ ਸੌ ਕਰੋੜ ਲੋਕ ਪਾਣੀ ਦੀ ਥੁੜ ਦੀ ਮਾਰ ਹੇਠ ਆ ਜਾਣਗੇ । ਕਰਨਾਟਕ, ਬਿਹਾਰ, ਹਰਿਆਣਾ, ਗੁਜਰਾਤ, ਮਹਾਰਾਸ਼ਟਰ, ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਆਦਿ ਵਿਚ ਅੱਜ ਵੀ ਪਾਣੀ ਦੀ ਵੱਡੀ ਕਿੱਲਤ ਪਾਈ ਜਾਂਦੀ ਹੈ । ਉੱਤਰ ਪ੍ਰਦੇਸ਼ ਦੇ ਬੁੰਦੇਲਖੰਡ ਖੇਤਰ ਦੇ 13 ਜ਼ਿਲ੍ਹੇ ਅਜਿਹੇ ਹਨ ਜਿੱਥੇ ਅੱਜ ਵੀ ਮੀਲਾਂ ਦੂਰ ਤੋਂ ਜਾ ਕੇ ਲੋਕ ਘੜਿਆਂ ਰਾਹੀਂ ਪਾਣੀ ਲਿਆਉਂਦੇ ਹਨ । ਜੇਕਰ ਅਸੀਂ ਨਾ ਸਮਝੇ ਤਾਂ 2040 ਤੱਕ ਪਾਣੀ ਸਾਡੇ ਕੋਲੋਂ ਖਤਮ ਹੋ ਜਾਵੇਗਾ । ਦੇਸ਼ ਦਾ 70 ਫੀਸਦੀ ਸ਼ੁੱਧ ਪਾਣੀ ਤਾਂ ਖੇਤੀ ਖੇਤਰ ਲਈ ਹੀ ਖਰਚ ਹੋ ਰਿਹਾ ਹੈ । ਖੇਤੀ ਖੇਤਰ ਲਈ ਸਾਨੂੰ ਨਹਿਰੀ ਅਤੇ ਦਰਿਆਈ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ, ਪਰ ਅਸੀਂ ਉਸ ਪਾਸੇ ਧਿਆਨ ਹੀ ਨਹੀਂ ਦੇ ਰਹੇ । ਕੇਂਦਰ ਸਰਕਾਰ ਨੇ ਗੰਗਾ ਦਰਿਆ ਦੀ ਸਫਾਈ ਵਾਸਤੇ 2014 ਤੋਂ 13000 ਕਰੋੜ ਰੁਪਏ ਖਰਚੇ ਹਨ, ਪਰ ਉਹ ਤਾਂ ਬੇਅਰਥ ਹੀ ਗਏ ਹਨ । ਗੰਗਾ ਦਰਿਆ ਵਿਚ ਤਾਂ ਰੋਜ਼ਾਨਾ ਲੱਗਭਗ ਤਿੰਨ ਮਿਲੀਅਨ ਲਿਟਰ ਗੰਦਾ ਪਾਣੀ ਪੈਂਦਾ ਹੈ । ਗੰਗਾ ਦਰਿਆ ਦਾ ਪਾਣੀ ਐਨਾ ਕੁ ਗੰਦਾ ਹੈ ਕਿ ਇਹ ਦੁਨੀਆ ਦੇ ਸਭ ਤੋਂ ਵੱਧ ਮਲੀਨ ਦਰਿਆਵਾਂ ਵਿਚੋਂ ਇਕ ਹੈ । ਦੇਸ਼ ਦੀ ਸਰਕਾਰ ਗੰਗਾ ਦਰਿਆ ਦੀ ਸਫਾਈ ਵੱਲ ਕਾਫੀ ਵੱਧ ਧਿਆਨ ਦਿੰਦੀ ਹੈ । ਗੰਗਾ ਦਰਿਆ ਦੀ ਸਾਫ-ਸਫਾਈ ਵਾਸਤੇ ਕਰੋੜਾਂ ਅਰਬਾਂ ਰੁਪਏ ਰਾਖਵੇਂ ਰੱਖੇ ਜਾਂਦੇ ਹਨ । ਜੇਕਰ ਗੰਗਾ ਦਰਿਆ ਦਾ ਇਹ ਹੈ ਤਾਂ ਦੇਸ਼ ਦੇ ਬਾਕੀ ਦਰਿਆਵਾਂ ਦਾ ਕੀ ਹਾਲ ਹੋਵੇਗਾ, ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਹੈ । ਭਾਵੇਂ ਪਾਣੀ ਦਾ ਸੰਕਟ ਸਮੁੱਚੇ ਦੇਸ਼ ਵਿਚ ਹੈ, ਪਰ ਵੱਖ-ਵੱਖ ਖੇਤਰਾਂ ਅਤੇ ਸੂਬਿਆਂ ਦੀ ਸਥਿਤੀ ਵੱਖ-ਵੱਖ ਹੈ । ਜੇਕਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਪਾਣੀ ਬਹੁਤ ਡੂੰਘਾ ਚਲਾ ਗਿਆ ਹੈ । ਜੇਕਰ ਇਹ ਕਹਿ ਲਈਏ ਕਿ ਸਾਡਾ ਪਾਣੀ ਮੁੱਕਣ ਕਿਨਾਰੇ ਹੈ ਤਾਂ ਕੁਝ ਵੀ ਗਲਤ ਨਹੀਂ ਹੋਵੇਗਾ । ਭਾਵੇਂ ਪੰਜਾਬ ਵਿਚ ਨਦੀਆਂ ਨਾਲੇ ਜਾਂ ਦਰਿਆ ਹਨ, ਪਰ ਪਾਣੀ ਦਾ ਮੁੱਖ ਸਰੋਤ ਜ਼ਮੀਨ ਹੇਠਲਾ ਪਾਣੀ ਹੀ ਹੈ । ਪੰਜਾਬ ਦੀ 72 ਫੀਸਦੀ ਪਾਣੀ ਦੀ ਮੰਗ ਕੇਵਲ ਜ਼ਮੀਨਦੋਜ਼ ਪਾਣੀ ਹੀ ਪੂਰੀ ਕਰਦਾ ਹੈ । ਬਾਕੀ ਰਹਿੰਦੀ 28 ਫੀਸਦੀ ਲੋੜ ਨਦੀਆਂ ਨਹਿਰਾਂ ਅਤੇ ਦਰਿਆਵਾਂ ਤੋਂ ਪੂਰੀ ਹੁੰਦੀ ਹੈ । ਕੇਂਦਰੀ ਜਲ ਬੋਰਡ ਦੀ ਰਿਪੋਰਟ ਮੁਤਾਬਿਕ 78 ਫੀਸਦੀ ਪੰਜਾਬ ਕਾਲੇ ਖੇਤਰ ਵਿਚ ਜਾ ਚੁੱਕਾ ਹੈ ਅਤੇ ਬਾਕੀ ਥਾਵਾਂ ਦੀ ਸਥਿਤੀ ਚੰਗੀ ਨਹੀਂ ਹੈ । ਕਾਲੇ ਖੇਤਰ ਵਿਚ ਆਏ ਹਲਕਿਆਂ ਵਿਚ ਪੀਣ ਵਾਲੇਪਾਣੀ ਤੋਂ ਸਵਾਏ ਕਿਸੇ ਹੋਰ ਮਕਸਦ ਲਈ ਜ਼ਮੀਨਦੋਜ਼ ਪਾਣੀ ਵਰਤਣ ਦੀ ਇਜਾਜ਼ਤ ਨਹੀਂ ਹੈ । ਪੰਜਾਬ ਦੇ ਦਰਿਆਵਾਂ ਦਾ ਦੋ ਤਿਹਾਈ ਪਾਣੀ ਤਾਂ ਗੁਆਂਢੀ ਸੂਬਿਆਂ ਹਰਿਆਣੇ ਅਤੇ ਰਾਜਸਥਾਨ ਨੂੰ ਜਾ ਰਿਹਾ ਹੈ । ਬਾਕੀ ਇਕ ਤਿਹਾਈ ਦਰਿਆਈ ਪਾਣੀ ਹੀ ਪੰਜਾਬ ਕੋਲ ਬਚਦਾ ਹੈ ਜੋ ਸੂਬੇ ਦੀਆਂ ਲੋੜਾਂ ਤੋਂ ਬਹੁਤ ਘੱਟ ਹੈ । ਦੂਜੇ ਪਾਸੇ ਸੂਬੇ ਪਾਸ ਪਾਣੀ ਦੇ ਭੰਡਾਰ ਕਰਨ ਦੇ ਵੀ ਵੱਡੇ ਪ੍ਰਬੰਧ ਨਹੀਂ ਹਨ ਜਿਸ ਕਰਕੇ ਪਾਣੀ ਭੰਡਾਰ ਵੀ ਬਹੁਤੇ ਨਹੀਂ ਹਨ । ਇਸ ਕਰਕੇ ਪਾਣੀ ਦਾ ਵੱਧ ਦਬਾਅ ਜ਼ਮੀਨਦੋਜ਼ ਪਾਣੀ ਉੱਪਰ ਹੀ ਹੈ । ਰਹਿੰਦੀ ਕਸਰ ਮੁਫਤ ਪਾਣੀ ਦੀ ਸਹੂਲਤ ਨੇ ਕੱਢ ਦਿੱਤੀ ਹੈ । ਜਦੋਂ ਦਾ ਪਾਣੀ ਮੁਫਤ ਕੀਤਾ ਹੈ ਪਾਣੀ ਦੀ ਲਾਗਤ ਬੇਹੱਦ ਵਧ ਗਈ ਹੈ । ਸਰਕਾਰਾਂ ਸਿਆਸੀ ਹਿੱਤਾਂ ਨੂੰ ਮੁੱਖ ਰੱਖ ਕੇ ਇਸ ਪਾਸੇ ਕੁਝ ਵੀ ਕਰਨਾ ਨਹੀਂ ਚਾਹੁੰਦੀਆਂ । ਪੰਜਾਬ ਵਿਚ ਹੁਣ ਖੇਤੀ ਵੀ ਦੋ ਫਸਲਾਂ ਕਣਕ ਅਤੇ ਜੀਰੀ ਤੱਕ ਸੀਮਤ ਹੋ ਕੇ ਰਹਿ ਗਈ ਹੈ । ਜੀਰੀ ਦੀ ਫਸਲ ਲਈ ਵੱਧ ਪਾਣੀ ਦੀ ਜ਼ਰੂਰਤ ਹੈ । ਅੱਗੋਂ ਪਾਣੀ ਮੁਫਤ ਹੋਣ ਕਰਕੇ ਅਸੀਂ ਵੀ ਪਾਣੀ ਖੁੱਲਾ ਛੱਡ ਦਿੰਦੇ ਹਾਂ । ਖੇਤਾਂ ਵਿਚ ਲੋੜ ਨਾਲੋਂ ਕਈ ਗੁਣਾ ਵਾਧੂ ਪਾਣੀ ਖੜ੍ਹਾ ਹੁੰਦਾ ਹੈ, ਜੋ ਬਚਾਇਆ ਜਾ ਸਕਦਾ ਹੈ । ਪਰ ਸਾਨੂੰ ਕੋਈ ਕੀਮਤ ਤਾਂ ਤਾਰਨੀ ਨਹੀਂ ਪੈਂਦੀ । ਫਿਰ ਕੀ ਫਿਕਰ ਹੈ ਪਾਣੀ ਵੱਧ ਜਾਂ ਘੱਟ ਕੱਢਣ ਦੀ । ਜਦੋਂ ਪੰਜਾਬ ਵਿਚ ਜੀਰੀ ਦੀ ਕਾਸ਼ਤ ਸ਼ੁਰੂ ਹੋਈ ਸੀ ਤਾਂ ਸਿਆਣੇ ਆਦਮੀਆਂ ਨੇ ਉਸ ਸਮੇਂ ਹੀ ਕਿਆਸ ਕੀਤਾ ਸੀ ਕਿ ਇਹ ਫਸਲ

ਬਾਕੀ ਸਫਾ 6 'ਤੇ

# ਖੇਤੀ ਦਾ ਮੁਕੰਮਲ ਮਸ਼ੀਨੀਕਰਨ : ਚੁਣੌਤੀਆਂ ਨੂੰ ਦੂਰ ਕਰਨ ਦਾ ਯਤਨ



ਖੇਤੀਬਾੜੀ, ਪਸ਼ੂ ਪਾਲਣ ਅਤੇ ਫੂਡ ਪ੍ਰੋਸੈਸਿੰਗ ਬਾਰੇ ਸੰਸਦੀ ਸਥਾਈ ਕਮੇਟੀ ਨੇ ਦੇਸ਼ ਦੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਖੇਤੀ ਲਈ ਮਸ਼ੀਨੀਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਕਮੇਟੀ ਦੀ ਤਾਜ਼ਾ ਰਿਪੋਰਟ ਇਸ ਗੱਲ ਨੂੰ ਉਜਾਗਰ ਕਰਦੀ ਹੈ ਕਿ ਖੇਤੀਬਾੜੀ ਸੈਕਟਰ ਨੂੰ ਦਰਪੇਸ਼ ਬਹੁਪੱਖੀ ਚੁਣੌਤੀਆਂ ਨੂੰ ਦੂਰ ਕਰਨ ਲਈ ਮੁਕੰਮਲ ਮਸ਼ੀਨੀਕਰਨ ਜ਼ਰੂਰੀ ਹੈ ਕਿਉਂਕਿ ਇਹ ਖੇਤਰ ਦੇਸ਼ ਦੀ ਆਰਥਿਕਤਾ ਵਿਚ ਬਹੁਤ ਵੱਡਾ ਯੋਗਦਾਨ ਪਾਉਂਦਾ ਹੈ।

ਭਾਵੇਂ ਭਾਰਤ ਕੋਲ ਦੁਨੀਆ ਦੇ ਭੂਗੋਲਿਕ ਖੇਤਰ ਦਾ ਸਿਰਫ 2.4 ਫੀਸਦੀ ਅਤੇ ਜਲ ਸਰੋਤਾਂ ਦਾ ਸਿਰਫ 4 ਫੀਸਦੀ ਹੈ, ਬਾਵਜੂਦ ਇਸ ਦੇ ਇੱਥੋਂ ਦਾ ਖੇਤੀ ਖੇਤਰ ਦੁਨੀਆਂ ਦੀ 17 ਫੀਸਦੀ ਆਬਾਦੀ ਅਤੇ 15 ਫੀਸਦੀ ਪਸ਼ੂ ਧਨ ਦਾ ਪਾਲਣ-ਪੋਸ਼ਣ ਕਰਦਾ ਹੈ। ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਵਿਚ 20 ਫੀਸਦੀ ਯੋਗਦਾਨ ਪਾਉਣ ਵਾਲਾ ਖੇਤੀਬਾੜੀ ਅਤੇ ਸਹਾਇਕ ਖੇਤਰ 65 ਫੀਸਦੀ ਆਬਾਦੀ



ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰ ਰਿਹਾ ਹੈ, ਇਸ ਲਈ ਘੱਟ ਮਸ਼ੀਨੀਕਰਨ ਵਾਲੇ ਖੇਤਰਾਂ ਵਿਚ ਵੀ ਛੋਟੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਉਨ੍ਹਾਂ ਨੂੰ ਰਵਾਇਤੀ ਪ੍ਰਥਾਵਾਂ ਤੋਂ ਅੱਗੇ ਉੱਨਤ ਮਸ਼ੀਨੀਕਰਨ ਵੱਲ ਵਧਣ ਦੀ ਲੋੜ ਹੈ।

**ਮਸ਼ੀਨੀਕਰਨ ਦੀ ਸਥਿਤੀ** : ਸਾਡੇ ਦੇਸ਼ ਵਿਚ ਖੇਤੀ ਦਾ ਮਸ਼ੀਨੀਕਰਨ 40 ਫੀਸਦੀ ਤੋਂ ਹੇਠਾਂ ਹੈ ਜਦੋਂ ਕਿ ਚੀਨ ਵਰਗੇ ਵਿਕਾਸਸ਼ੀਲ ਦੇਸ਼ਾਂ ਵਿਚ ਇਹ 60 ਫੀਸਦੀ ਅਤੇ ਬ੍ਰਾਜ਼ੀਲ ਵਿਚ 75 ਫੀਸਦੀ ਹੈ। ਵਰਨਣਯੋਗ ਹੈ ਕਿ ਹਰੀ ਕ੍ਰਾਂਤੀ ਦੀ ਅਗਵਾਈ ਕਰਨ ਵਾਲੇ ਖੇਤੀ ਪ੍ਰਧਾਨ ਸੂਬਿਆਂ ਪੰਜਾਬ ਅਤੇ ਹਰਿਆਣਾ ਵਿਚ ਵੀ ਖੇਤੀ ਦਾ ਮਸ਼ੀਨੀਕਰਨ 40 ਫੀਸਦੀ ਦੇ ਕਰੀਬ ਹੈ, ਜਦੋਂ ਕਿ ਉੱਤਰੀ ਅਤੇ ਪੂਰਬੀ ਸੂਬਿਆਂ ਵਿਚ ਇਹ ਨਾਂਮਾਤਰ ਹੈ।

ਸੰਸਦੀ ਸਥਾਈ ਕਮੇਟੀ ਨੇ ਆਪਣੀ ਰਿਪੋਰਟ ਵਿਚ ਦੇਸ਼ ਦੇ 86 ਫੀਸਦੀ ਛੋਟੇ ਕਿਸਾਨਾਂ ਦੇ ਖੇਤੀ ਮਸ਼ੀਨੀਕਰਨ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਹੈ ਕਿ ਅਜਿਹੇ ਕਿਸਾਨਾਂ ਨੂੰ ਮਹਿੰਗੀ ਮਸ਼ੀਨਰੀ ਖਰੀਦਣ ਵਿਚ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਤੱਕ ਛੋਟੇ ਕਿਸਾਨਾਂ ਲਈ ਢੁੱਕਵੀਆਂ ਮਸ਼ੀਨਾਂ ਉਪਲੱਬਧ ਨਹੀਂ ਕਰਵਾਈਆਂ ਜਾਂਦੀਆਂ ਜਾਂ ਛੋਟੇ ਕਿਸਾਨਾਂ ਦੀ ਭਾਈਵਾਲੀ ਵਿਚ ਮਸ਼ੀਨੀਕਰਨ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ, ਦੇਸ਼ ਵਿਚ ਖੇਤੀ ਮਸ਼ੀਨੀਕਰਨ ਦੇ ਪੱਧਰ ਨੂੰ 75 ਪ੍ਰਤੀਸ਼ਤ ਤੱਕ ਪਹੁੰਚਣ ਵਿਚ 25 ਸਾਲ ਹੋਣ ਲੱਗਣ ਦੀ ਉਮੀਦ ਹੈ।

**ਲਾਗਤ ਘਟਾਉਣ ਵਿਚ ਮਦਦਗਾਰ** : ਖੇਤੀ ਮਸ਼ੀਨੀਕਰਨ ਖੇਤੀ ਲਾਗਤਾਂ ਨੂੰ ਘਟਾਉਣ ਅਤੇ ਸਰੋਤਾਂ ਦੀ ਕੁਸ਼ਲ ਵਰਤੋਂ ਰਾਹੀਂ ਉਤਪਾਦਕਤਾ ਵਧਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਖੇਤੀ ਵਿਗਿਆਨੀਆਂ ਅਤੇ ਸੰਸਦੀ ਕਮੇਟੀਆਂ ਨੇ ਉਜਾਗਰ ਕੀਤਾ ਹੈ ਕਿ



**ਡਾ. ਅੰਮ੍ਰਿਤ ਸਾਗਰ ਮਿੱਤਲ**
ਵਾਈਸ ਚੇਅਰਮੈਨ ਸੋਨਾਲੀਕਾ ਗਰੁੱਪ,
ਵਾਈਸ ਚੇਅਰਮੈਨ ਪੰਜਾਬ ਯੋਜਨਾ
ਬੋਰਡ, ਪੰਜਾਬ ਇਕੋਨੋਮਿਕ ਪਾਲਿਸੀ

ਭਾਰਤ ਵਿਚ ਖੇਤੀ ਮਸ਼ੀਨੀਕਰਨ ਦੀ ਮਦਦ ਨਾਲ ਬੀਜਾਂ ਅਤੇ ਖਾਦਾਂ ਦੀ ਖਪਤ ਵਿਚ 15 ਤੋਂ 20 ਫੀਸਦੀ ਦੀ ਬੱਚਤ ਹੁੰਦੀ ਹੈ।

ਬੀਜਾਂ ਦੇ ਉੱਗਣ ਵਿਚ 7 ਤੋਂ 25 ਪ੍ਰਤੀਸ਼ਤ ਸੁਧਾਰ ਕੀਤਾ ਜਾ ਸਕਦਾ ਹੈ, ਸਮੇਂ ਵਿਚ 20-30 ਪ੍ਰਤੀਸ਼ਤ ਦੀ ਬੱਚਤ ਕੀਤੀ ਜਾ ਸਕਦੀ ਹੈ ਅਤੇ ਨਦੀਨਾਂ ਨੂੰ 20-30 ਪ੍ਰਤੀਸ਼ਤ ਤੱਕ ਘਟਾਇਆ ਜਾ ਸਕਦਾ ਹੈ। ਲੇਬਰ ਦੇ ਖਰਚੇ ਨੂੰ 20-30 ਪ੍ਰਤੀਸ਼ਤ ਤੱਕ ਘਟਾਉਣ ਨਾਲ ਫਸਲ ਦੀ ਤੀਬਰਤਾ ਵਿਚ 5 ਤੋਂ 20 ਪ੍ਰਤੀਸ਼ਤ ਵਾਧੇ ਦੀ ਗੁੰਜਾਇਸ਼ ਹੈ ਜਦੋਂ ਕਿ ਝਾੜ ਵਿਚ 13 ਤੋਂ 23 ਪ੍ਰਤੀਸ਼ਤ ਵਾਧਾ ਹੋ ਸਕਦਾ ਹੈ। ਕੁੱਲ ਮਿਲਾ ਕੇ, ਮਸ਼ੀਨੀਕਰਨ ਕੁਦਰਤੀ ਸਰੋਤਾਂ ਜਿਵੇਂ ਕਿ ਪਾਣੀ ਅਤੇ ਮਿੱਟੀ ਦੇ ਪੌਸ਼ਟਿਕ ਤੱਤਾਂ ਨੂੰ ਸੰਭਾਲਣਾ ਆਸਾਨ ਬਣਾਉਂਦਾ ਹੈ।

**ਖੇਤੀਬਾੜੀ ਮਸ਼ੀਨੀਕਰਨ ਦੇ ਖੇਤਰ 'ਚ ਸੰਭਾਵਨਾਵਾਂ** : ਖੇਤੀਬਾੜੀ ਅਤੇ ਸਬੰਧਤ ਖੇਤਰ ਜਿਵੇਂ ਪਸ਼ੂ-ਪਾਲਣ ਅਤੇ ਮੁਰਗੀ ਪਾਲਣ 'ਚ ਲਗਾਤਾਰ ਆਧੁਨਿਕੀਕਰਨ ਦੀ ਲੋੜ ਹੈ। ਖੇਤੀ 'ਚ ਵਿਭਿੰਨਤਾ ਭਾਵੇਂ ਵੱਡੇ ਪੈਮਾਨੇ 'ਤੇ ਹੋਵੇ ਜਾਂ ਛੋਟੇ 'ਤੇ, ਖੇਤੀ ਮਜ਼ਦੂਰਾਂ ਦੀ ਵਧਦੀ ਕਮੀ ਕਾਰਨ ਖੇਤੀ ਸੰਦਾਂ ਦੀ ਉਪਯੋਗਤਾ ਵਧ ਰਹੀ ਹੈ।

ਬੁਨਿਆਦੀ ਟ੍ਰੈਕਟਰਾਂ ਤੋਂ ਲੈ ਕੇ ਬੇਹੱਦ ਆਧੁਨਿਕ ਕੰਬਾਈਨ ਹਾਰਵੈਸਟਰ, ਲੈਵਲਰ, ਡ੍ਰੋਨ, ਰਿਮੋਟ ਸੈਂਸਿੰਗ ਅਤੇ ਪੋਲਟਰੀ ਅਤੇ ਡੇਅਰੀ ਫਾਰਮ ਦੇ ਆਧੁਨਿਕੀਕਰਨ ਦਾ ਸਿਹਰਾ ਮਸ਼ੀਨੀਕਰਨ



ਨੂੰ ਜਾਂਦਾ ਹੈ, ਜਿਸ ਕਾਰਨ ਭਾਰਤ 'ਚ ਇਹ ਕਾਰੋਬਾਰ ਸਾਲ 2024 'ਚ ਲਗਭਗ 17 ਲੱਖ ਕਰੋੜ ਅਤੇ 2029 ਤੱਕ 21 ਲੱਖ ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ।

**ਖੇਤੀਬਾੜੀ ਮਸ਼ੀਨੀਕਰਨ ਨੂੰ ਬੜ੍ਹਾਵਾ ਦੇਣ ਦੇ ਪੰਜ ਪੜਾਅ : ਖੇਤੀਬਾੜੀ ਇੰਜੀਨੀਅਰਿੰਗ ਡਾਇਰੈਕਟੋਰੇਟ ਦੀ ਸਥਾਪਨਾ** : ਪਾਰਲੀਮੈਂਟਰੀ ਕਮੇਟੀ ਨੇ ਖੇਤੀਬਾੜੀ ਨੀਤੀ ਦੀ ਪ੍ਰਭਾਵੀ ਅਤੇ ਹੁਨਰਮੰਦੀ ਨਾਲ ਨਿਗਰਾਨੀ ਅਤੇ ਇਸ ਨੂੰ ਕਾਰਗਰ ਢੰਗ ਨਾਲ ਲਾਗੂ ਕਰਨ ਲਈ ਹਰ ਸੂਬੇ 'ਚ ਇਕ ਖੇਤੀਬਾੜੀ ਇੰਜੀਨੀਅਰਿੰਗ ਡਾਇਰੈਕਟੋਰੇਟ ਸਥਾਪਤ ਕਰਨ ਦੀ ਸਿਫਾਰਿਸ਼ ਕੀਤੀ ਹੈ। ਮੌਜੂਦਾ ਸਮੇਂ 'ਚ ਅਜਿਹੇ ਡਾਇਰੈਕਟੋਰੇਟ ਸਥਾਪਤ ਕਰਨ ਦੀ ਪਹਿਲ ਮੱਧ ਪ੍ਰਦੇਸ਼ ਅਤੇ ਤਾਮਿਲਨਾਡੂ ਨੇ ਕੀਤੀ ਹੈ। ਹਰ ਸੂਬੇ 'ਚ ਇਹ ਡਾਇਰੈਕਟੋਰੇਟ ਸਥਾਪਤ ਕਰਨ ਦੀ ਦਿਸ਼ਾ 'ਚ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ (ਆਈ. ਸੀ. ਏ. ਆਰ) ਕੰਮ ਕਰ ਰਹੀ ਹੈ। ਕਿਸਾਨਾਂ ਨੂੰ ਖੇਤਾਂ ਤੱਕ ਜਾ ਕੇ ਉਨ੍ਹਾਂ ਨੂੰ ਆਤਿਆਧੁਨਿਕ ਮਸ਼ੀਨਾਂ ਦੇ ਪ੍ਰਦਰਸ਼ਨ, ਟ੍ਰੇਨਿੰਗ, ਮੁਰੰਮਤ ਅਤੇ ਉਨ੍ਹਾਂ ਦੇ ਰੱਖ-ਰਖਾਅ 'ਚ ਮਦਦ ਲਈ ਜ਼ਿਲਾ ਪੱਧਰ 'ਤੇ ਖੇਤੀਬਾੜੀ ਮਸ਼ੀਨਰੀ ਇੰਜੀਨੀਅਰ ਨਹੀਂ ਹਨ।

**ਖੇਤੀਬਾੜੀ ਮਸ਼ੀਨਰੀ ਬੈਂਕ** : ਛੋਟੇ ਕਿਸਾਨ ਮਹਿੰਗੀ ਮਸ਼ੀਨਰੀ ਨਹੀਂ ਖਰੀਦ ਸਕਦੇ। ਇਸ ਮਸਲੇ ਦਾ ਹੱਲ ਕਰਨ ਲਈ ਸਰਕਾਰ ਨੇ ਲਗਭਗ ਸਾਰੇ ਸੂਬਿਆਂ ਵਿਚ ਕਸਟਮ ਹਾਇਰਿੰਗ ਸੈਂਟਰ ਅਤੇ ਫਾਰਮ ਮਸ਼ੀਨਰੀ ਬੈਂਕ ਸ਼ੁਰੂ ਕੀਤੇ ਹਨ ਜਿੱਥੇ ਕਿਸਾਨ ਕਿਰਾਏ ਦੀ ਮਸ਼ੀਨ ਸਾਂਝੀ ਕਰ ਸਕਦੇ ਹਨ ਪਰ ਇਨ੍ਹਾਂ ਸਕੀਮਾਂ ਦਾ ਲਾਭ ਪਿੰਡ ਪੰਚਾਇਤ ਪੱਧਰ 'ਤੇ ਨਹੀਂ ਹੋ ਸਕਿਆ।

**ਪੂਰਨ ਸਕੀਮ ਦੀ ਘਾਟ** : ਸਤੰਬਰ 2022 'ਚ ਖੇਤੀਬਾੜੀ ਮਸ਼ੀਨਰੀ ਸਬਮਿਸ਼ਨ ਦਾ ਰਲੇਵਾਂ ਰਾਸ਼ਟਰੀ ਖੇਤੀਬਾੜੀ ਵਿਕਾਸ ਯੋਜਨਾ 'ਚ ਕਰ ਦਿੱਤਾ ਗਿਆ ਹੈ। ਇਸ ਮਿਸ਼ਨ ਨੂੰ ਤੇਜ਼ ਕਰਨ ਲਈ ਇਕ ਪੂਰਨ ਖੇਤੀਬਾੜੀ ਸਿਸਟਮ ਯੋਜਨਾ ਲਾਗੂ ਕਰਨ ਦੀ ਲੋੜ ਹੈ।

**ਆਰ. ਐਂਡ. ਡੀ. ਲਈ ਫੰਡ 'ਚ ਕਟੌਤੀ** : ਖੇਤੀਬਾੜੀ ਮਸ਼ੀਨੀਕਰਨ ਦੀ ਰਿਸਰਚ ਐਂਡ ਡਿਵੈਲਪਮੈਂਟ ਲਈ ਬਜਟ 'ਚ ਪਿਛਲੇ ਚਾਰ ਸਾਲ ਤੋਂ ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ। ਸਾਲ 2019-20 ਤੋਂ 2023-24 ਤੱਕ ਇਸ ਨੂੰ 30 ਫੀਸਦੀ ਘਟਾਇਆ ਗਿਆ।

**ਟੈਕਸ ਪ੍ਰੋਤਸਾਹਨ** : ਛੋਟੇ ਕਿਸਾਨਾਂ ਵਲੋਂ ਬਾਗਬਾਨੀ 'ਚ ਵਰਤੇ ਜਾਣ ਵਾਲੇ ਘੱਟ ਹਾਰਸ ਪਾਵਰ ਦੇ ਛੋਟੇ ਟ੍ਰੈਕਟਰਾਂ ਅਤੇ ਇਨ੍ਹਾਂ ਦੇ ਪੁਰਜ਼ਿਆਂ 'ਤੇ 12 ਫੀਸਦੀ ਜੀ. ਐੱਸ. ਟੀ. ਲੱਗਦਾ ਹੈ ਜਦ ਕਿ ਜੁਲਾਈ 2017 'ਚ ਜੀ. ਐੱਸ. ਟੀ. ਲਾਗੂ ਹੋਣ ਨਾਲ 5 ਤੋਂ 7 ਲੱਖ ਕੀਮਤ ਵਾਲੇ ਛੋਟੇ ਟ੍ਰੈਕਟਰ 'ਤੇ ਕਿਸਾਨ ਨੂੰ 60 ਹਜ਼ਾਰ ਤੋਂ ਲੈ ਕੇ 84 ਹਜ਼ਾਰ ਰੁਪਏ ਜੀ. ਐੱਸ. ਟੀ. ਦੇਣੀ ਪੈ ਰਹੀ ਹੈ। ਇਸ ਨੂੰ ਕਿਫਾਇਤੀ ਬਣਾਉਣ ਲਈ ਜੀ. ਐੱਸ. ਟੀ ਹਟਾਏ ਜਾਣ ਦੀ ਪਾਰਲੀਮੈਂਟਰੀ ਕਮੇਟੀ ਦੀ ਸਿਫਾਰਿਸ਼ 'ਤੇ ਸਰਕਾਰ ਵਿਚਾਰ ਕਰੇ ਅਤੇ ਨਾਲ ਹੀ ਘੱਟ ਮਸ਼ੀਨੀਕਰਨ ਨੂੰ ਬੜ੍ਹਾਵਾ ਦੇਣ ਲਈ ਮਸ਼ੀਨ ਨਿਰਮਾਤਾਵਾਂ ਨੂੰ ਵੀ ਟੈਕਸ ਪ੍ਰੋਤਸਾਹਨ ਦੀ ਲੋੜ ਹੈ।

# ਮਾਂਹ ਅਤੇ ਮੂੰਗੀ ਦੀ ਬਿਜਾਈ ਲਈ ਸਮਾਂ ਢੁੱਕਵਾਂ

| ਫਸਲ | ਕਿਸਮ | ਬੀਜ ਦੀ ਮਾਤਰਾ (ਕਿਲੋ/ਏਕੜ) | ਪੱਕਣ ਲਈ (ਸਮਾਂ ਦਿਨ) | ਔਸਤਨ ਝਾੜ (ਕੁ/ਏਕੜ) |
|---|---|---|---|---|
| ਮੂੰਗੀ | ਐਸ ਐਮ ਐਲ 1827 | 12 | 62 | 5.0 |
| | ਐਸ ਐਮ ਐਲ 832 | | 61 | 4.6 |
| | ਐਸ ਐਮ ਐਲ 668 | 15 | 60 | 4.5 |
| ਮਾਂਹ | ਮਾਂਹ-1137 | 20 | 74 | 4.5 |
| | ਮਾਂਹ-1008 | | 72 | 4.2 |

ਗਰਮ ਰੁੱਤ ਦੇ ਮਾਂਹ ਨੂੰ ਰਾਜ ਦੇ ਕੇਂਦਰੀ ਅਤੇ ਨੀਮ ਪਹਾੜੀ ਇਲਾਕਿਆਂ ਵਿਚ ਉਗਾਇਆ ਜਾ ਸਕਦਾ ਹੈ। ਗਰਮ ਰੁੱਤ ਦੀਆਂ ਦਾਲਾਂ ਦੀ ਕਾਸ਼ਤ ਲਈ ਚੰਗੀ ਨਿਕਾਸ ਵਾਲੀ, ਗੈਰ-ਖਾਰੀ/ਖਾਰੀ ਭਲ ਤੋਂ ਰੇਤਲੀ ਭਲ ਮਿੱਟੀ ਚੰਗੀ ਹੁੰਦੀ ਹੈ। ਗਰਮ ਰੁੱਤ ਦੀ ਮੂੰਗੀ ਦੀ ਬਿਜਾਈ 20 ਮਾਰਚ ਤੋਂ 10 ਅਪ੍ਰੈਲ ਤੱਕ ਮਾਂਹ ਦੀ 15 ਮਾਰਚ ਤੋਂ ਅਪ੍ਰੈਲ ਦੇ ਪਹਿਲੇ ਹਫਤੇ ਤੱਕ ਕਰੋ।

ਗਰਮ ਰੁੱਤ ਦੀ ਮੂੰਗੀ ਅਤੇ ਮਾਂਹ ਦੀ ਬਿਜਾਈ ਲਈ ਕਤਾਰ ਤੋਂ ਕਤਾਰ ਦਾ ਫਾਸਲਾ ਕ੍ਰਮਵਾਰ 17.5-22.5 ਸੈਂਟੀਮੀਟਰ ਅਤੇ 22.5 ਸੈਂਟੀਮੀਟਰ ਹੋਣਾ ਚਾਹੀਦਾ ਹੈ। ਬਿਜਾਈ ਡਰਿਲ ਨਾਲ 4-6 ਸੈਂਟੀਮੀਟਰ ਡੂੰਘਾਈ ਤੇ ਕਰੋ।

**ਜ਼ੀਰੋ ਟਿਲ ਡਰਿੱਲ ਨਾਲ ਬਿਜਾਈ** : ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਕਣਕ ਦੀ ਵਾਢੀ ਤੋਂ ਬਾਅਦ ਬਿਨਾਂ ਵਹਾਈ ਜ਼ੀਰੋ-ਟਿੱਲ ਡਰਿੱਲ ਨਾਲ ਕਰੋ। ਜੇ ਕਣਕ ਦਾ ਨਾੜ ਖੇਤ ਵਿਚ ਤਾਂ ਹੈਪੀ ਸੀਡਰ ਨਾਲ ਕਰੋ।

**ਬੈੱਡਾਂ ਉੱਤੇ ਬਿਜਾਈ** : ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿਚ ਮੂੰਗੀ ਦੀ ਬਿਜਾਈ ਕਣਕ ਲਈ ਵਰਤੇ ਜਾਂਦੇ ਬੈੱਡ ਪਲਾਂਟਰਾਂ ਨਾਲ ਬੈੱਡਾਂ ਉੱਤੇ ਕੀਤੀ ਜਾ ਸਕਦੀ ਹੈ। ਮੂੰਗੀ ਦੀਆਂ ਦੋ ਕਤਾਰਾਂ ਦੀ ਬਿਜਾਈ 20 ਸੈਂਟੀਮੀਟਰ ਫਾਸਲੇ ਤੇ 67.5 ਸੈਂਟੀਮੀਟਰ ਦੀ ਵਿੱਥ (37.5 ਸੈਂਟੀਮੀਟਰ ਬੈੱਡ ਦਾ ਉੱਪਰਲਾ ਹਿੱਸਾ ਤੇ 30 ਸੈਂਟੀਮੀਟਰ ਦੀ ਖਾਲੀ) ਉੱਤੇ ਕਰਨੀ ਚਾਹੀਦੀ ਹੈ। ਇਸ ਨਾਲ 20-30% ਪਾਣੀ ਦੀ ਬੱਚਤ ਹੁੰਦੀ ਹੈ।

**ਨਦੀਨਾਂ ਦੀ ਰੋਕਥਾਮ** : ਜੇਕਰ ਨਦੀਨਾਂ ਦਾ ਸਹੀ ਸਮੇਂ ਯੋਗ ਤੇ ਰੋਕਥਾਮ ਨਾ ਕੀਤੀ ਜਾਵੇ ਤਾਂ ਇਹ ਕਾਫੀ ਝਾੜ ਘਟਾ ਸਕਦੇ ਹਨ। ਨਦੀਨਾਂ ਤੇ ਕਾਬੂ ਪਾਉਣ ਲਈ ਗਰਮ ਰੁੱਤ ਦੀ ਮੂੰਗੀ ਵਿਚ ਦੋ ਗੋਡੀਆਂ ਬਿਜਾਈ ਤੋਂ 4 ਅਤੇ 6 ਹਫਤੇ ਬਾਅਦ ਅਤੇ ਮਾਂਹ ਵਿਚ ਇੱਕ ਗੋਡੀ ਬਿਜਾਈ ਤੋਂ 4 ਹਫਤੇ ਬਾਅਦ ਕਰਨੀ ਚਾਹੀਦੀ ਹੈ।

**ਸਿੰਚਾਈ** : ਗਰਮ ਰੁੱਤ ਦੀਆਂ ਦਾਲਾਂ ਨੂੰ ਆਮ ਤੌਰ ਤੇ 3-5 ਪਾਣੀ ਬਿਜਾਈ ਤੋਂ ਸਮੇਂ, ਜ਼ਮੀਨ ਮੁਤਾਬਕ ਅਤੇ ਬਾਰਿਸ਼ ਦੇ ਅਨੁਸਾਰ ਲਾਉਣ ਦੀ ਲੋੜ ਪੈਂਦੀ ਹੈ। ਫਸਲ ਦੀ ਇਕਸਾਰ ਪਕਾਅ ਲਈ ਗਰਮ ਰੁੱਤ ਦੀ ਮੂੰਗੀ ਅਖੀਰਲਾ ਪਾਣੀ ਫਸਲ ਬਿਜਾਈ ਤੋਂ 55 ਦਿਨਾਂ ਅਤੇ ਮਾਂਹ ਨੂੰ 60 ਦਿਨਾਂ ਬਾਅਦ ਲਾਉਣਾ ਬੰਦ ਕਰ ਦੇਣਾ ਚਾਹੀਦਾ ਹੈ।

**ਹਰਪ੍ਰੀਤ ਕੌਰ ਵਿਰਕ, ਗੁਰਇਕਬਾਲ ਸਿੰਘ ਅਤੇ ਆਰ ਕੇ ਗਿੱਲ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਮੋਬਾਇਲ : 81460-80300**

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 13
ਮਿਤੀ 30-03-2024



ਐਡੀਟਰ

ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ

ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਉੱਤਰੀ ਭਾਰਤ ਵਿਚ ਸਮੇਂ ਤੋਂ ਪਹਿਲਾਂ ਮੌਸਮ ਹੋ ਰਿਹੈ ਗਰਮ

ਉੱਤਰੀ ਭਾਰਤ 'ਚ ਸਰਦੀ ਦਾ ਮੌਸਮ ਖਤਮ ਹੋਣ ਤੋਂ ਪਹਿਲਾਂ ਹੀ ਗਰਮੀਆਂ ਵਰਗਾ ਮਾਹੌਲ ਬਣ ਰਿਹਾ ਹੈ। ਸਾਲ 1970 ਤੋਂ ਤਾਪਮਾਨ ਦੇ ਅੰਕੜਿਆਂ ਦੇ ਅਧਿਐਨ ਤੋਂ ਇਹ ਰੁਝਾਨ ਸਾਹਮਣੇ ਆਇਆ ਹੈ। ਅਧਿਐਨ ਮੁਤਾਬਕ ਹੁਣ ਬਸੰਤ ਰੁੱਤ ਦਾ ਸਮਾਂ ਘਟਦਾ ਜਾ ਰਿਹਾ ਹੈ।

ਅਮਰੀਕਾ ਆਧਾਰਿਤ ਵਿਗਿਆਨੀਆਂ ਦੀ ਇਕ ਸੰਸਥਾ ਕਲਾਈਮੇਟ ਸੈਂਟਰਲ ਦੇ ਖੋਜੀਆਂ ਵੱਲੋਂ ਆਲਮੀ ਤਪਸ਼ ਦੇ ਰੁਝਾਨ ਤਹਿਤ ਭਾਰਤ 'ਚ ਅਧਿਐਨ ਕੀਤਾ ਗਿਆ ਜਿਸ ਦੌਰਾਨ ਸਰਦ ਰੁੱਤ ਵਾਲੇ ਮਹੀਨਿਆਂ (ਦਸੰਬਰ ਤੋਂ ਫਰਵਰੀ) 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਅਧਿਐਨ 'ਚ ਖੁਲਾਸਾ ਹੋਇਆ ਕਿ ਉੱਤਰੀ ਭਾਰਤ 'ਚ ਸਰਦੀਆਂ ਦੌਰਾਨ ਤਾਪਮਾਨ 'ਚ ਬਦਲਾਅ ਦੇਖਿਆ ਗਿਆ। ਉੱਤਰੀ ਭਾਰਤ ਦੇ ਸੂਬਿਆਂ 'ਚ ਜਨਵਰੀ ਦੌਰਾਨ ਔਸਤਨ ਤਾਪਮਾਨ ਤਹਿਤ ਜਾਂ ਤਾਂ ਠੰਢ ਰਹੀ ਜਾਂ ਹਲਕੀ ਤਪਸ਼ ਦਾ ਮਾਹੌਲ ਰਿਹਾ ਪਰ ਫਰਵਰੀ 'ਚ ਪੂਰੀ ਗਰਮੀ ਦਾ ਅਹਿਸਾਸ ਹੋਇਆ। ਰਾਜਸਥਾਨ 'ਚ ਫਰਵਰੀ ਦੌਰਾਨ ਤਪਸ਼ ਦਾ ਮਾਹੌਲ ਰਿਹਾ ਜਿੱਥੇ ਜਨਵਰੀ ਨਾਲੋਂ ਤਾਪਮਾਨ 2.6 ਡਿਗਰੀ ਸੈਲਸੀਅਸ



ਵੱਧ ਦਰਜ ਹੋਇਆ। ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਲੱਦਾਖ, ਜੰਮੂ ਕਸ਼ਮੀਰ ਅਤੇ ਉੱਤਰਾਖੰਡ 'ਚ ਜਨਵਰੀ-ਫਰਵਰੀ ਦੌਰਾਨ ਦੋ ਡਿਗਰੀ ਸੈਲਸੀਅਸ ਤੋਂ ਵੱਧ ਦਾ ਫਰਕ ਮਹਿਸੂਸ ਕੀਤਾ ਗਿਆ।

ਖੋਜੀਆਂ ਨੇ ਕਿਹਾ ਕਿ ਇਥੋਂ ਇਹ ਸਪੱਸ਼ਟ ਹੈ ਕਿ ਭਾਰਤ ਦੇ ਕਈ ਹਿੱਸਿਆਂ ਤੋਂ ਬਸੰਤ ਰੁੱਤ ਗਾਇਬ ਹੋ ਗਈ ਹੈ। ਅਧਿਐਨ 'ਚ ਇਹ ਵੀ ਕਿਹਾ ਗਿਆ ਕਿ ਦੇਸ਼ ਭਰ 'ਚ ਇੰਨੀ ਵੀ ਕਿਹਾ ਗਿਆ ਕਿ ਦੇਸ਼ ਭਰ 'ਚ ਇੰਨੀ ਜ਼ਿਆਦਾ ਠੰਢ ਨਹੀਂ ਪੈ ਰਹੀ ਅਤੇ ਸਰਦੀਆਂ 'ਚ ਗਰਮੀ ਦਾ ਅਹਿਸਾਸ ਹੋ ਰਿਹਾ ਹੈ ਅਤੇ ਇਨ੍ਹਾਂ ਮਹੀਨਿਆਂ ਦੌਰਾਨ ਹਰੇਕ ਖਿੱਤੇ 'ਚ ਗਰਮੀ ਦਾ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਦੇਸ਼ ਦੇ ਦੱਖਣੀ ਹਿੱਸੇ 'ਚ ਦਸੰਬਰ ਤੋਂ ਜਨਵਰੀ 'ਚ ਤਪਸ਼ ਦਾ ਮਾਹੌਲ ਦੇਖਣ ਨੂੰ ਮਿਲਿਆ। ਸਾਲ 1970 ਤੋਂ ਸਰਦੀਆਂ ਦੇ ਔਸਤਨ ਤਾਪਮਾਨ ਦੇ ਅਧਿਐਨ 'ਚ ਮਨੀਪੁਰ ਦੇ ਮੌਸਮ 'ਚ ਸਭ ਤੋਂ ਵੱਡਾ ਬਦਲਾਅ ਦੇਖਣ ਨੂੰ ਮਿਲਿਆ। ਜਿੱਥੇ 2.3 ਡਿਗਰੀ ਸੈਲਸੀਅਸ ਦਾ ਫਰਕ ਮਿਲਿਆ ਜਦਕਿ ਦਿੱਲੀ ਦੇ ਤਾਪਮਾਨ 'ਚ ਸਭ ਤੋਂ ਘੱਟ ਬਦਲਾਅ ਸਿੱਕਮ 'ਚ 2.4 ਅਤੇ ਮਨੀਪੁਰ 'ਚ 2.1 ਡਿਗਰੀ ਸੈਲਸੀਅਸ ਰਿਹਾ। ਕਲਾਈਮੇਟ ਸੈਂਟਰਲ 'ਚ ਵਿਗਿਆਨ ਦੇ ਮੀਤ ਪ੍ਰਧਾਨ ਐਂਡਰਿਊ ਪਰਸ਼ਿੰਗ ਨੇ ਕਿਹਾ, "ਜਨਵਰੀ ਦੌਰਾਨ ਮੱਧ ਅਤੇ ਉੱਤਰੀ ਭਾਰਤੀ ਰਾਜਾਂ ਵਿਚ ਠੰਢ ਅਤੇ ਫਰਵਰੀ ਵਿਚ ਬਹੁਤ ਤੇਜ਼ ਤਪਸ਼ ਕਾਰਨ ਬਸੰਤ ਵਰਗਾ ਮੌਸਮ ਖਤਮ ਹੁੰਦਾ ਜਾ ਰਿਹਾ ਹੈ।" ਸਾਲ 1850 ਤੋਂ ਬਾਅਦ ਆਲਮੀ ਔਸਤ ਤਾਪਮਾਨ 1.3 ਡਿਗਰੀ ਸੈਲਸੀਅਸ ਤੋਂ ਜ਼ਿਆਦਾ ਵਧੀਆ ਹੈ, ਜਿਸ, ਕਾਰਨ 2023 ਸਭ ਤੋਂ ਵਧ ਗਰਮ ਰਿਹਾ ਹੈ।

# ਹਲਦੀ ਦੀ ਫਸਲ ਲਈ ਕੰਸੋਰਸ਼ੀਅਮ ਜੀਵਾਣੂੰ ਖਾਦ


ਜੁਪਿੰਦਰ ਕੌਰ, ਪ੍ਰਤਿਭਾ ਵਯਾਸ ਅਤੇ ਸੀਮਾ ਗਰਚਾ,
ਮਾਈਕਰੋਬਾਇਓਲੋਜੀ ਵਿਭਾਗ, ਮੋ. 98925-03631


ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ 18 ਫਸਲਾਂ ਲਈ ਜੀਵਾਣੂੰ ਖਾਦ ਦੀ ਸਿਫਾਰਿਸ਼ ਕੀਤੀ ਹੈ। ਇਹਨਾਂ ਵਿਚ ਅਨਾਜ ਦੀਆਂ ਫਸਲਾਂ (ਕਣਕ, ਮੱਕੀ, ਝੋਨਾ),




ਨਕਦ ਵਾਲੀ ਫਸਲ (ਗੰਨਾ), ਸਬਜ਼ੀਆਂ (ਆਲੂ, ਪਿਆਜ਼, ਹਲਦੀ), ਦਾਲਾਂ (ਛੋਲੇ, ਮਸਰ, ਗਰਮੀ ਰੁੱਤ ਦੀ ਮੂੰਗੀ, ਮੂੰਗੀ, ਮਟਰ, ਗਰਮ ਰੁੱਤ ਦੇ ਮਾਂਹ, ਸੋਇਆਬੀਨ, ਮਾਂਹ, ਅਰਹਰ) ਅਤੇ ਚਾਰੇ ਦੀਆਂ ਫਸਲਾਂ (ਬਰਸੀਮ, ਲੂਸਣ) ਸ਼ਾਮਿਲ ਹਨ। ਜੀਵਾਣੂੰ ਖਾਦ ਵਿਚ ਲਾਭਦਾਇਕ ਸੂਖਮ ਜੀਵ ਹੁੰਦੇ ਹਨ ਜੋ ਪੌਦਿਆਂ ਨੂੰ ਪੌਸ਼ਟਿਕ ਤੱਤ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਨ ਅਤੇ ਪੌਦੇ ਦੇ ਵਿਕਾਸ ਵਿਚ ਵੀ ਸਹਾਇਤਾ ਕਰਦੇ ਹਨ। ਇਹਨਾਂ ਦੀਆਂ ਪ੍ਰਕਿਰਿਆਵਾਂ ਨਾਲ ਮਿੱਟੀ ਦੀ ਸਿਹਤ ਵਿਚ ਸੁਧਾਰ ਦੇ ਨਾਲ-ਨਾਲ ਫਸਲਾਂ ਦੇ ਝਾੜ ਵਿਚ ਵੀ ਵਾਧਾ ਹੁੰਦਾ ਹੈ।

ਪੀ ਏ ਯੂ ਵੱਲੋਂ ਹਲਦੀ ਲਈ 4 ਕਿਲੋ ਕੰਸੋਰਸ਼ੀਅਮ ਜੀਵਾਣੂੰ ਖਾਦ ਪ੍ਰਤੀ ਏਕੜ, ਮਿੱਟੀ ਵਿਚ ਮਿਲਾ ਕੇ ਵਰਤਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਜੀਵਾਣੂੰ ਖਾਦ (4 ਕਿਲੋ) ਨੂੰ 10 ਕਿਲੋ ਮਿੱਟੀ/ਰੂੜੀ ਖਾਦ ਵਿਚ ਮਿਲਾ ਲਵੋ ਤਾਂ ਜੋ ਇਹ ਸਾਰੇ ਖੇਤ ਵਿਚ ਬਰਾਬਰ ਪਾਈ ਜਾ ਸਕੇ। ਹਲਦੀ ਦੀ ਫਸਲ ਦੇ ਲਈ ਹਮੇਸ਼ਾ ਸਿਫਾਰਿਸ਼ ਕੀਤੀ ਕੰਸੋਰਸ਼ੀਅਮ ਜੀਵਾਣੂੰ ਖਾਦ ਦੀ ਹੀ ਵਰਤੋਂ ਕਰੋ ਅਤੇ ਇਸ ਖਾਦ ਨੂੰ ਮਿਆਦ (3 ਮਹੀਨੇ) ਪੁੱਗਣ ਤੋਂ ਪਹਿਲਾਂ ਵਰਤੋ।

ਹਲਦੀ ਦੀ ਫਸਲ ਲਈ ਸਿਫਾਰਿਸ਼ ਕੀਤੀ ਕੰਸੋਰਸ਼ੀਅਮ ਜੀਵਾਣੂੰ ਖਾਦ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਾਇਊਲੋਜੀ ਵਿਭਾਗ, ਬੀਜਾਂ ਦੀ ਦੁਕਾਨ, ਗੇਟ ਨੰ: 1 ਅਤੇ ਵੱਖ ਵੱਖਰੇ ਜ਼ਿਲ੍ਹਿਆਂ ਵਿਚ ਸਥਿਤ ਕ੍ਰਿਸ਼ੀ ਵਿਗਿਆਨ/ਫਾਰਮ ਸਲਾਹਕਾਰ ਕੇਂਦਰਾਂ ਤੋਂ ਮਿਲਦੀ ਹੈ। ਜੀਵਾਣੂੰ ਖਾਦਾਂ ਦੇ ਫਾਇਦੇ ਅਤੇ ਵਰਤੋਂ ਸੰਬੰਧੀ ਵਧੇਰੇ ਜਾਣਕਾਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਾਇਊਲੋਜੀ ਵਿਭਾਗ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਤੁਰ ਜਾਣਾ ਰੰਗ ਬਿਖੇਰ



ਸਮੇਂ ਦਾ ਚੱਕਰ ਬੜਾ ਕਮਾਲ ਦਾ ਹੈ। ਬਹਾਰ ਜਿੱਥੇ ਨਵੇਂ ਪੱਤਿਆਂ ਨੂੰ ਜੀਵਨ ਦਿੰਦੀ ਹੈ, ਉੱਥੇ ਨਾਲ ਦੀ ਨਾਲ, ਪੁਰਾਣੇ ਪੱਤਿਆਂ ਨੂੰ ਖੂਬਸੂਰਤ ਸੁਨਹਿਰੀ ਰੰਗ 'ਚ ਢਾਲ ਕੇ ਮਿੱਟੀ 'ਚ ਮਿਲਾ ਦਿੰਦੀ ਹੈ। ਪੱਤੇ ਰੁੱਖਾਂ ਦੀ ਜਾਨ ਹੁੰਦੇ ਹਨ। ਹਰੇ ਪੱਤਿਆਂ ਦਾ ਝੜਨਾ ਜਾਂ ਸੁੱਕਣਾ, ਰੁੱਖ ਲਈ ਜਾਨਲੇਵਾ ਬਣ ਜਾਂਦਾ ਹੈ। ਪੱਤੇ ਹੀ ਰੁੱਖ ਦੀ ਖੁਰਾਕੀ ਫੈਕਟਰੀ ਹੁੰਦੇ ਹਨ। ਜ਼ਮੀਨ 'ਚੋਂ ਤਾਂ ਸਿਰਫ ਨਮੀਂ ਤੇ ਜ਼ਰੂਰੀ ਤੱਤ ਹੀ ਲੈਂਦੇ ਹਨ। ਖੁਰਾਕ ਤਾਂ ਪੱਤੇ, ਹਵਾ ਤੇ ਰੌਸ਼ਨੀ ਤੋਂ ਬਣਾਉਂਦੇ ਹਨ। ਇਸੇ ਲਈ ਸ਼ਾਇਦ ਇਹ ਸਾਲ ਭਰ 'ਚ ਹੀ ਥੱਕ ਜਾਂਦੇ ਹਨ ਤੇ ਰੰਗ ਦਾ ਜਾਮਾ ਬਦਲ ਕੇ, ਨਵੇਂ ਪੱਤਿਆਂ ਲਈ ਥਾਂ ਮੋਕਲੀ ਕਰ ਦਿੰਦੇ ਹਨ। ਇਹੀ ਜੀਵਨ ਚੱਕਰ ਹੈ, ਖੂਬਸੂਰਤੀ ਨਾਲ ਆਉਣਾ ਤੇ ਖੂਬਸੂਰਤੀ ਬਿਖੇਰਦੇ ਚਲੇ ਜਾਣਾ।

- ਜਨਮੇਜਾ ਸਿੰਘ ਜੌਹਲ, ਮੋ: 98159-45018

# ਅਪ੍ਰੈਲ ਮਹੀਨੇ ਦੇ ਖੇਤੀ ਰੁਝੇਵੇਂ

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।**

**ਖੁੰਬਾਂ ਦੀ ਕਾਸ਼ਤ** : 1. ਸਰਦ ਰੁੱਤ ਖੁੰਬਾਂ (ਬਟਨ ਅਤੇ ਢੀਂਗਰੀ ਖੁੰਬ) ਦੀ ਅਸਲੀ ਫਸਲ ਦੀ ਕਾਸ਼ਤ ਲਈ ਤੂੜੀ ਅਤੇ ਪਰਾਲੀ ਨੂੰ ਇਕੱਠਾ ਕਰੋ ਅਤੇ ਸਾਫ ਸੁਥਰੀ ਥਾਂ ਤੇ ਜਮ੍ਹਾ ਕਰਨ ਲਈ ਪ੍ਰਬੰਧ ਕਰੋ ।

2. ਗਰਮ ਰੁੱਤ ਦੀਆਂ ਖੁੰਬਾਂ (ਪਰਾਲੀ ਖੁੰਬ ਅਤੇ ਮਿਲਕੀ ਖੁੰਬ) ਦੀ ਕਾਸ਼ਤ ਲਈ ਬੀਜ ਬੁੱਕ ਕਰਵਾਓ ।

3. ਪਰਾਲੀ ਖੁੰਬ ਦੀ ਕਾਸ਼ਤ ਅੱਧ



ਅਪ੍ਰੈਲ ਤੋਂ ਬਾਅਦ ਸ਼ੁਰੂ ਕਰੋ । ਇਸ ਲਈ ਪਰਾਲੀ ਦੇ ਪੂਲੇ ਇੱਕ ਤੋਂ ਡੇਢ ਕਿਲੋ ਦੇ ਹਿਸਾਬ ਨਾਲ ਤਿਆਰ ਕਰੋ ।

4. ਇਨ੍ਹਾਂ ਪਰਾਲੀ ਦੇ ਪੂਲਿਆਂ ਨੂੰ ਗਿੱਲ੍ਹਾ ਕਰੋ ਅਤੇ ਪਰਾਲੀ ਖੁੰਬ ਦੀ ਕਾਸ਼ਤ ਲਈ ਸਿਫਾਰਿਸ਼ ਕੀਤੀ ਗਈ ਵਿਧੀ ਅਨੁਸਾਰ ਬੈੱਡ ਤਿਆਰ ਕਰੋ ।

5. ਰੋਜ਼ਾਨਾ ਦੋ ਵਾਰ ਇਨ੍ਹਾਂ ਬੈੱਡਾਂ ਤੇ ਪਾਣੀ ਦਾ ਛਿੜਕਾਅ ਕਰੋ । ਬੀਜ ਪਾਉਣ ਤੋਂ 10-12 ਦਿਨਾਂ ਬਾਅਦ ਖੁੰਬਾਂ ਨਿਕਲਣੀਆਂ ਸ਼ੁਰੂ ਹੋ ਜਾਂਦੀਆਂ ਹਨ । ਖੁੰਬਾਂ ਦੀ ਫਸਲ ਤਿੰਨ ਹਫਤੇ ਤੱਕ ਚਲਦੀ ਰਹਿੰਦੀ ਹੈ ।

6. ਸਿਫਾਰਿਸ਼ ਕੀਤੀ ਵਿਧੀ ਅਨੁਸਾਰ, ਮਿਲਕੀ ਖੁੰਬ ਦੀ ਕਾਸ਼ਤ ਉਬਲੀ ਹੋਈ ਤੂੜੀ (2 ਕਿਲੋ ਪ੍ਰਤੀ ਬੈਗ) ਦੀ ਵਰਤੋਂ ਕਰੋ । ਬੈਗ ਪੂਰੀ ਤਰ੍ਹਾਂ ਚਿੱਟੇ ਹੋਣ ਤੋਂ ਬਾਅਦ ਕੇਸਿੰਗ ਯੋਗ ਹੋ ਜਾਣਗੇ ਅਤੇ 18-20 ਦਿਨਾਂ ਵਿੱਚ ਖੁੰਬਾਂ ਦਿੱਸਣ ਲੱਗ ਪੈਣਗੀਆਂ ।

**ਡੇਅਰੀ ਫਾਰਮਿੰਗ** : 1 ਗਰਮੀ ਦੀ ਰੁੱਤ ਆ ਰਹੀ ਹੈ ਇਸ ਲਈ ਦੁਧਾਰੂਆਂ ਨੂੰ ਗਰਮੀ ਤੋਂ ਬਚਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ।

2. ਵੱਧ ਰਹੇ ਤਾਪਮਾਨ ਕਾਰਨ ਦੁਧਾਰੂ ਪਸ਼ੂ ਖੁਰਾਕ ਖਾਣੀ ਘਟਾ ਦਿੰਦੇ ਹਨ ਇਸ ਕਰਕੇ ਉਹਨਾਂ ਦੀ ਖੁਰਾਕ ਵਿੱਚ ਪ੍ਰੋਟੀਨ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ ਜੋ ਕਿ ਤੇਲ ਬੀਜ ਫਸਲਾਂ ਦੀ ਖਲ ਨਾਲ 5-7% ਤੱਕ ਵੱਧ ਜਾਂਦੀ ਹੈ । ਡੇਅਰੀ ਫਾਰਮ ਵਿਚ ਪੱਖੇ ਚੱਲਦੇ ਰੱਖੋ ।

3. ਦੁਧਾਰੂ ਪਸ਼ੂਆਂ ਵਿੱਚ ਹੀਟ ਦੇ ਲੱਛਣ ਵੇਖਣੇ ਚਾਹੀਦੇ ਹਨ ਅਤੇ ਲੱਛਣਾਂ ਦੇ ਨਜ਼ਰ ਆਉਣ ਤੇ ਪਸ਼ੂਆਂ ਨੂੰ 12-18 ਘੰਟਿਆਂ ਵਿੱਚ ਇਨਸੈਮੀਨੇਸ਼ਨ ਕਰਵਾਉਣੀ ਚਾਹੀਦੀ ਹੈ ।

4. ਵੱਛੜੂ ਦੀ ਸਾਂਭ-ਸੰਭਾਲ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਜੇਰ ਪੈਣ ਦੇ ਇੰਤਜ਼ਾਰ ਕੀਤੇ ਬਿਨ੍ਹਾਂ ਜਨਮ ਦੇ 1-2 ਘੰਟਿਆਂ ਦੇ ਵਿਚਕਾਰ ਗਾਂ ਦਾ ਗਾੜ੍ਹਾ ਦੁੱਧ ਬੱਚੇ ਨੂੰ ਦੇਣਾ ਚਾਹੀਦਾ ਹੈ ।

5. ਚਿੱਚੜਾਂ ਤੋਂ ਬਚਾਅ ਲਈ ਪਸ਼ੂਆਂ ਦੇ ਵਾੜੇ ਵਾਲੀ ਜਗ੍ਹਾ ਨੂੰ 5% ਮੈਲਾਥੀਆਨ ਦਾ ਛਿੜਕਾਅ ਕਰਦੇ ਰਹਿਣਾ ਚਾਹੀਦਾ ਹੈ । ਖੁਰਲੀ, ਖੁਰਾਕ, ਪੱਠੇ ਅਤੇ ਪਾਣੀ ਨੂੰ ਜ਼ਹਿਰਾਂ ਤੋਂ ਬਚਾਉਣਾ ਚਾਹੀਦਾ ਹੈ । ਪਸ਼ੂਆਂ ਨੂੰ ਚਿੱਚੜਾਂ ਤੋਂ ਬਚਾਉਣ ਲਈ ਬਿਊਟੌਕਸ ਤਰਲ ਜਾਂ ਟੈਕਨਿਕ (12.5%) 2 ਮਿਲੀਗ੍ਰਾਮ ਪ੍ਰਤੀ ਲਿਟਰ ਪਾਣੀ ਨਾਲ ਸਪਰੇਅ ਕਰਨਾ ਚਾਹੀਦਾ ਹੈ । 10 ਦਿਨਾਂ ਬਾਅਦ ਫਿਰ ਛਿੜਕਾਅ ਕਰਨਾ ਚਾਹੀਦਾ ਹੈ ।

6. ਪਸ਼ੂਆਂ ਅਤੇ ਢਾਰੇ ਨੂੰ ਸਾਫ ਸੁਥਰਾ ਰੱਖੋ ।

7. ਮੂੰਹ ਖੁਰ ਦੀ ਬਿਮਾਰੀ ਲਈ ਟੀਕਾਕਰਨ ਕਰਵਾਉਣਾ ਜ਼ਰੂਰੀ ਹੈ । ਜੇਕਰ ਨਹੀਂ ਕਰਵਾਇਆ ਤਾਂ ਇਸ ਨੂੰ ਤੁਰੰਤ ਕਰਵਾ ਲੈਣਾ ਚਾਹੀਦਾ ਹੈ । ਟੀਕਾਕਰਨ ਦਾ ਰਿਕਾਰਡ ਰੱਖੋ ਅਤੇ 6 ਮਹੀਨਿਆਂ ਬਾਅਦ ਦੁਬਾਰਾ ਟੀਕਾਕਰਨ ਕਰਵਾਉ ।

8. ਦੁਧਾਰੂ ਪਸ਼ੂਆਂ ਨੂੰ ਜ਼ਿਆਦਾ ਮਾਤਰਾ ਵਿੱਚ ਕਣਕ ਜਾਂ ਆਨਾਜ ਨਹੀਂ ਦੇਣਾ ਚਾਹੀਦਾ । ਇਹ ਜਾਨਲੇਵਾ ਹੋ ਸਕਦਾ ਹੈ ।

**ਪੋਲਟਰੀ ਫਾਰਮਿੰਗ :**

1. ਪੋਲਟਰੀ ਦਾ ਸਟਾਕ ਬਦਲਣ ਦਾ ਇਹ ਸਹੀ ਸਮਾਂ ਹੈ । ਲਾਭ ਨਾ ਦੇਣ ਵਾਲੀਆਂ ਮੁਰਗੀਆਂ ਨੂੰ ਕੱਢ ਦਿਉ ਤਾਂ ਜੋ ਛੋਟੇ ਚੂਚਿਆਂ ਨੂੰ ਜਗ੍ਹਾ ਮਿਲ ਜਾਵੇ । ਮੁਰਗੀਆਂ ਦੀ ਗਿਣਤੀ ਵਿੱਚ ਵਾਧਾ ਇਸ ਸਮੇਂ ਆਸਾਨੀ ਨਾਲ ਕੀਤਾ ਜਾ ਸਕਦਾ ਹੈ ।

2. ਮੁਰਗੀਆਂ ਦੇ ਵਿਛਾਉਣੇ ਦੀ ਮੋਟਾਈ ਘੱਟ ਕਰ ਦਿਉ ਅਤੇ ਗਿੱਲ੍ਹੇ ਵਿਛਾਉਣੇ ਨੂੰ ਬਦਲ ਦਿਉ ।

3. ਮੁਰਗੀਆਂ ਨੂੰ ਠੰਢਾ ਅਤੇ ਤਾਜ਼ਾ ਪਾਣੀ ਦਿਉ । ਪਾਣੀ ਵਾਲੇ ਬਰਤਨਾਂ ਦੀ ਗਿਣਤੀ ਦੁੱਗਣੀ ਕਰ ਦੇਣੀ ਚਾਹੀਦੀ ਹੈ ।

4. ਟੀਕਾਕਰਣ ਲਾਜ਼ਮੀ ਬਣਾਉਣਾ ਚਾਹੀਦਾ ਹੈ ।

5. ਚੂਚਿਆਂ ਨੂੰ ਰਾਣੀ ਖੇਤ ਬਿਮਾਰੀ ਤੋਂ ਬਚਾਅ ਲਈ 6-8 ਹਫਤਿਆਂ ਦੀ ਉਮਰ ਤੇ ਟੀਕੇ ਲਗਵਾਉ ਅਤੇ ਛੋਟੀ ਮਾਤਾ ਬਿਮਾਰੀ ਦੇ ਬਚਾਅ ਲਈ ਟੀਕੇ 8-10 ਹਫਤਿਆਂ ਦੀ ਉਮਰ ਤੇ ਲਗਵਾਉ ।

6. 3 ਮਹੀਨਿਆਂ ਦੀ ਉਮਰ ਵਿੱਚ ਪੰਛੀਆਂ ਨੂੰ ਲਗਾਤਾਰ ਮਲ੍ਹੱਪ ਰਹਿਤ ਕਰਨ ਦੀ ਦਵਾਈ ਦੇਣੀ ਸ਼ੁਰੂ ਕਰ ਦਿਉ ਅਤੇ ਲਗਾਤਾਰ 1-1 ਮਹੀਨੇ ਦੇ ਵਕਫੇ ਬਾਅਦ ਦਿਉ ।

7. ਜੇ ਛੱਤ ਉੱਪਰ ਚਾਦਰਾਂ ਹਨ ਤਾਂ ਉਨ੍ਹਾਂ ਉੱਪਰ ਚਿੱਟਾ ਰੰਗ ਲਗਾਉਣਾ ਚਾਹੀਦਾ ਹੈ, ਤਾਂ ਜੋ ਧੁੱਪ ਦਾ ਅਸਰ ਘਟਾਇਆ ਜਾ ਸਕੇ ।

8. ਸਵੇਰੇ-ਸਵੇਰੇ ਮੁਰਗੀਆਂ ਨੂੰ ਬਲਬਾਂ ਦੀ ਰੌਸ਼ਨੀ ਦੇਣੀ ਚਾਹੀਦੀ ਹੈ ਤਾਂ ਜੋ ਮੁਰਗੀਆਂ ਠੰਢੇ ਮੌਸਮ ਵਿੱਚ ਲੋੜ ਅਨੁਸਾਰ ਖੁਰਾਕ ਖਾ ਸਕਣ ।

9. ਗਰਮੀਆਂ ਵਿੱਚ ਖੁਰਾਕ ਦੀ ਖਪਤ ਘੱਟ ਜਾਂਦੀ ਹੈ । ਸੋ ਖੁਰਾਕ ਵਿੱਚ ਪ੍ਰੋਟੀਨ, ਧਾਤਾਂ ਅਤੇ ਵਿਟਾਮਿਨ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ । ਜੋ ਕਿ ਖੁਰਾਕ ਵਿਚ ਮੱਕੀ ਸ਼ਾਮਿਲ ਕਰਕੇ ਕੀਤਾ ਜਾ ਸਕਦਾ ਹੈ ।



# ਆਉਣ ਵਾਲੀਆਂ ਗਰਮੀਆਂ ਲਈ ਬਗੀਚੇ ਵਿਚ ਉਗਾਓ ਇਹ ਹਰੀਆਂ ਸਬਜ਼ੀਆਂ

ਆਉਣ ਵਾਲੀਆਂ ਗਰਮੀਆਂ ਵਿਚ ਜੇਕਰ ਤੁਹਾਨੂੰ ਆਪਣੀ ਬਗੀਚੀ ਵਿਚੋਂ ਹਰੀਆਂ ਅਤੇ ਤਾਜ਼ੀਆਂ ਸਬਜ਼ੀਆਂ ਖਾਣ ਨੂੰ ਮਿਲਣ ਤਾਂ ਇਸ ਤੋਂ ਵੱਡਾ ਸੁੱਖ ਕੁਝ ਹੋਰ ਨਹੀਂ ਹੋ ਸਕਦਾ । ਇਸ ਲਈ ਜੇਕਰ ਤੁਹਾਡੇ ਘਰ ਵਿਚ ਥੋੜੀ ਜਿਹੀ ਕੱਚੀ ਜ਼ਮੀਨ ਹੈ, ਤਾਂ ਸਮਝੋ ਤੁਸੀਂ ਖੂਬ ਅਮੀਰ ਹੋ, ਕਿਉਂਕਿ ਉਸ ਜ਼ਮੀਨ ਇਕ ਸੁਪਨਾ ਹੈ ? ਕੋਈ ਗੱਲ ਨਹੀਂ, ਜੇਕਰ ਛੱਤ ਹੈ ਤਾਂ ਸਮਝੋ ਸੋਨੇ 'ਤੇ ਸੁਹਾਗਾ ਪਰ ਜੇਕਰ ਛੱਤ ਵੀ ਨਹੀਂ ਤਾਂ ਬਾਲਕੋਨੀ ਤਾਂ ਹੋਵੇਗੀ ? ਅੱਜਕਲ੍ਹ ਉੱਨਤ ਕਿਸਮਾਂ ਦੀਆਂ ਸਬਜ਼ੀਆਂ ਦੇ ਬੀਜ ਗਮਲਿਆਂ ਵਿਚ ਵੀ ਖੂਬ ਫਲਦੇ ਹਨ ਇਸ ਲਈ ਚਾਹੋ ਛੱਤ ਹੋਵੇ, ਬਾਲਕੋਨੀ ਹੋਵੇ ਜਾਂ ਘਰ ਦੇ ਕਿਸੇ ਹਿੱਸੇ ਵਿਚ ਕੱਚੀ ਜ਼ਮੀਨ । ਜੇਕਰ ਜ਼ਰਾ ਜਿੰਨਾ ਤੁਹਾਨੂੰ ਬਾਗਬਾਨੀ ਦਾ ਸ਼ੌਕ ਹੈ ਤਾਂ ਗਰਮੀਆਂ ਨਾ ਸਿਰਫ ਬਿਹਤਰੀਨ ਅਤੇ ਸਿਹਤਮੰਦ ਸਬਜ਼ੀਆਂ ਦਾ ਮੌਸਮ ਬਣ ਜਾਵੇਗਾ, ਸਗੋਂ ਇਸ ਨਾਲ ਤੁਹਾਡੀ ਸਿਹਤ ਵੀ ਬਿਹਤਰ ਰਹੇਗੀ । ਮਾਨਸਿਕ ਰੂਪਾ ਵਿਚ ਵੀ ਸਕੂਲ ਮਹਿਸੂਸ ਹੋਵੇਗਾ । ਡਾਕਟਰਾਂ ਦੀ ਮੰਨੀਏ ਤਾਂ ਹਰ ਦਿਨ ਅੱਧਾ ਘੰਟਾ ਜੇਕਰ ਤੁਸੀਂ ਆਪਣੀ ਬਗੀਚੀ ਨੂੰ ਦੇਵੋਗੇ ਤਾਂ ਇਕ ਦਰਜਨ ਲਾਈਫ-ਸਟਾਈਲ ਬਿਮਾਰੀਆਂ ਤੁਹਾਨੂੰ ਬਾਏ-ਬਾਏ ਕਹਿ ਦੇਣਗੀਆਂ ।

> "ਇਸ ਲਈ ਹੁਣ ਗਰਮੀਆਂ ਵਿਚ ਸ਼ਿਮਲਾ ਮਿਰਚ, ਤਰ, ਭਿੰਡੀ ਤੋਰੀ, ਟਿੰਡੇ, ਲੋਬੀਆ, ਬੀਨਸ ਸਭ ਕੁਝ ਉਗਾਉਣਾ ਬਹੁਤ ਸੌਖਾ ਹੈ । ਇਸ ਮੌਸਮ ਵਿਚ ਕਿਉਂਕਿ ਖੀਰੇ ਅਤੇ ਟਮਾਟਰ ਦੀ ਮੰਗ ਕਾਫੀ ਜ਼ਿਆਦਾ ਹੋ ਜਾਂਦੀ ਹੈ, ਇਸ ਲਈ ਬਾਜ਼ਾਰ ਵਿਚੋਂ ਮਹਿੰਗੇ ਮਿਲਦੇ ਹਨ । ਇਸ ਤਰ੍ਹਾਂ ਜੇਕਰ ਤੁਸੀਂ ਆਪਣੀ ਬਗੀਚੇ ਵਿਚ ਗਰਮੀ ਦੀ ਜਾਤੀ ਵਾਲੇ ਟਮਾਟਰ ਅਤੇ ਖੀਰਾ ਉਗਾਓਗੇ ਤਾਂ ਚੰਗੀ ਤਰ੍ਹਾਂ ਖਾਓਗੇ ਵੀ ਅਤੇ ਜੇਬ 'ਤੇ ਬੋਝ ਵੀ ਨਹੀਂ ਪਵੇਗਾ ।"

ਗਰਮੀਆਂ ਵਿਚ ਆਮ ਤੌਰ 'ਤੇ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿਚ 70 ਡਿਗਰੀ ਫਾਰਨਹੀਟ ਤੋਂ ਜ਼ਿਆਦਾ ਤਾਪਮਾਨ ਹੈ । ਇਸ ਲਈ ਚਾਹੋ ਤਾਂ ਬੈਂਗਣ ਹੋਣ, ਖੀਰਾ ਹੋਵੇ, ਸੀਤਾਫਲ, ਹੋਵੇ, ਭਿੰਡੀ, ਟਮਾਟਰ, ਹਰੀਆਂ ਮਿਰਚਾਂ, ਤੋਰੀ, ਲੌਕੀ ਵਰਗੀਆਂ ਸਬਜ਼ੀਆਂ ਹੋਣ । ਇਨ੍ਹਾਂ ਸਭ ਦੇ ਬੀਜ ਇਸ ਤਰ੍ਹਾਂ ਨਾਲ ਪ੍ਰਸੰਗਕ ਕੀਤੇ ਗਏ ਹੁੰਦੇ ਹਨ ਕਿ ਆਰਾਮ ਨਾਲ 35 ਤੋਂ 40 ਡਿਗਰੀ ਸੈਲੀਸੀਅਸ ਤੱਕ ਦਾ ਤਾਪਮਾਨ ਸਹਿ ਲੈਂਦੇ ਹਨ । ਇਸ ਲਈ ਹੁਣ ਗਰਮੀਆਂ ਵਿਚ ਸ਼ਿਮਲਾ ਮਿਰਚ, ਤਰ, ਭਿੰਡੀ ਤੋਰੀ, ਟਿੰਡੇ, ਲੋਬੀਆ, ਬੀਨਸ ਸਭ ਕੁਝ ਉਗਾਉਣਾ ਬਹੁਤ ਸੌਖਾ ਹੈ । ਇਸ ਮੌਸਮ ਵਿਚ ਕਿਉਂਕਿ ਖੀਰੇ ਅਤੇ ਟਮਾਟਰ ਦੀ ਮੰਗ ਕਾਫੀ ਜ਼ਿਆਦਾ ਹੋ ਜਾਂਦੀ ਹੈ, ਇਸ ਲਈ ਬਾਜ਼ਾਰ ਵਿਚੋਂ ਮਹਿੰਗੇ ਮਿਲਦੇ ਹਨ । ਇਸ ਤਰ੍ਹਾਂ ਜੇਕਰ ਤੁਸੀਂ ਆਪਣੀ ਬਗੀਚੇ ਵਿਚ ਗਰਮੀ ਦੀ ਜਾਤੀ ਵਾਲੇ ਟਮਾਟਰ ਅਤੇ ਖੀਰਾ ਉਗਾਓਗੇ

ਅਨੂ ਆਰ.

ਤਾਂ ਚੰਗੀ ਤਰ੍ਹਾਂ ਖਾਓਗੇ ਵੀ ਅਤੇ ਜੇਬ 'ਤੇ ਬੋਝ ਵੀ ਨਹੀਂ ਪਵੇਗਾ ।

ਕੁਝ ਸਬਜ਼ੀਆਂ ਦਾ ਖਾਸ ਤੌਰ 'ਤੇ ਹਰ ਕਿਸੇ ਨੂੰ ਆਪਣੇ ਬਗੀਚੇ ਵਿਚ ਉਗਾਉਣੀਆਂ ਚਾਹੀਦੀਆਂ ਹਨ । ਇਨ੍ਹਾਂ ਵਿਚੋਂ ਪਹਿਲੇ ਨੰਬਰ 'ਤੇ ਆਉਂਦਾ ਹੈ ਟਮਾਟਰ । ਟਮਾਟਰ ਦੀ ਹਰ ਸਮੇਂ ਰਸੋਈ ਵਿਚ ਲੋੜ ਪੈਂਦੀ ਹੈ । ਇਸ ਲਈ ਗਰਮੀ ਦੇ ਮੌਸਮ ਵਿਚ ਘਰ ਦੀ ਬਗੀਚੀ ਵਿਚ ਚਾਹੇ ਉਹ ਜ਼ਮੀਨ ਵਿਚ ਹੋਵੇ, ਛੱਤ 'ਤੇ ਹੋਵੇ ਜਾਂ ਬਾਲਕੋਨੀ ਦੇ ਗਮਲਿਆਂ ਵਿਚ ਹੋਣ । ਇਨ੍ਹੀ ਦਿਨੀਂ ਚੇਰੀ ਟਮਾਟਰ ਜਾਂ ਸਧਾਰਨ ਟਮਾਟਰ ਦਾ ਬੂਟਾ ਲਗਾਉਣਾ ਚਾਹੀਦਾ ਹੈ । ਇਹ ਖਾਣ ਵਿਚ ਖੱਟੇ ਹੁੰਦੇ ਹਨ ਅਤੇ ਇਨ੍ਹਾਂ ਵਿਚ ਸਵਾਦ ਵੀ ਬਹੁਤ ਹੁੰਦਾ ਹੈ । ਇਸੇ ਤਰ੍ਹਾਂ ਗਰਮੀਆਂ ਵਿਚ ਆਪਣੇ ਬਗੀਚੇ ਵਿਚ ਖੀਰਾ ਵੀ ਜ਼ਰੂਰ ਉਗਾਉਣਾ ਚਾਹੀਦਾ ਹੈ । ਖੀਰੇ ਦੇ ਪੌਸ਼ਟਿਕ ਤੱਤਾਂ ਤੋਂ ਅਸੀਂ ਸਭ ਜਾਣੂ ਹੈ । ਸਲਾਦ ਤੋਂ ਲੈ ਕੇ ਰਾਇਤੇ ਤੱਕ ਸੰਵਾਰਨ, ਨਿਖਾਰਨ ਵਿਚ ਵੀ ਖੀਰਾ ਬਹੁਤ ਕੰਮ ਆਉਂਦਾ ਹੈ । ਹੁਣ ਲੋਕ ਖੀਰੇ ਦਾ ਜੂਸ ਵੀ ਸ਼ੌਕ ਨਾਲ ਪੀਂਦੇ ਹਨ ਅਤੇ ਖੀਰੇ ਦਾ ਸਲਾਦ ਤਾਂ ਹਮੇਸ਼ਾ ਤੋਂ ਖਾਂਦੇ ਰਹੇ ਹਨ । ਗਰਮੀਆਂ ਵਿਚ ਦੇਸੀ ਖੀਰਾ 50-60 ਰੁਪਏ ਕਿਲੋ ਤੋਂ ਘੱਟ ਨਹੀਂ ਮਿਲਦਾ । ਇਸ ਲਈ ਆਪਣੀਆਂ ਗਰਮੀਆਂ ਦੀ ਬਗੀਚੀ ਵਿਚ ਖੀਰੇ ਜ਼ਰੂਰ ਉਗਾ ਲਓ । ਭਿੰਡੀ ਵੀ ਇਸ ਤਰ੍ਹਾਂ ਦੀ ਹੀ ਇਕ ਸਭ ਨੂੰ ਪਸੰਦ ਆਉਣ ਵਾਲੀ ਹਰਮਨਪਿਆਰੀ ਸਬਜ਼ੀ ਹੈ । ਬੱਚੇ ਤਾਂ ਖਾਸ ਤੌਰ 'ਤੇ ਭਿੰਡੀ ਦੇ ਦੀਵਾਨੇ ਹੁੰਦੇ ਹਨ । ਭਿੰਡੀ ਰਸੋਈ ਬਗੀਚੀ ਵਿਚ ਬਹੁਤ ਸੌਖਿਆਂ ਹੀ ਲਗਾਈ ਜਾਂ ਉਗਾਈ ਜਾਂਦੀ ਹੈ । ਚਾਹੇ ਨਰਸਰੀ ਤੋਂ ਬੂਟੇ ਲਿਆ ਕੇ ਲਗਾ ਲਓ ਜਾਂ ਬੀਜ ਲਿਆ ਕੇ ਉਗਾ ਲਓ । ਭਿੰਡੀ ਘੱਟ ਦੇਖਭਾਲ ਵਿਚ ਵੀ ਚੰਗੀ ਤਰ੍ਹਾਂ ਫਲਦੀ-ਫੁਲਦੀ ਹੈ । ਬਸ ਇਸ ਲਈ ਜ਼ਰੂਰੀ ਖਾਦ ਅਤੇ ਕੁਦਰਤੀ ਕੀਟਨਾਸ਼ਕ ਦਾ ਛਿੜਕਾਅ ਜ਼ਰੂਰ ਕਰਦੇ ਰਹਿਣਾ ਚਾਹੀਦਾ ਹੈ, ਕਿਉਂਕਿ ਇਸ ਨੂੰ ਕੀੜੇ ਛੇਤੀ ਲੱਗਦੇ ਹਨ । ਲੌਕੀ ਵੀ ਗਮਲਿਆਂ ਦੇ ਉੱਪਰ ਲੱਕੜੀ ਦਾ ਸਹਾਰਾ ਦੇ ਕੇ ਉਗਾਉਣਾ ਹੁਣ ਬਹੁਤ ਸੌਖਾ ਹੋ ਗਿਆ ਹੈ ।







ਗਰਮੀਆਂ ਦੀਆਂ ਸਬਜ਼ੀਆਂ ਦਾ ਇਤਿਹਾਸ ਬਹੁਤ ਲੰਮਾ ਹੈ, ਇਸ ਲਈ ਤੁਸੀਂ ਆਪਣੀ ਪਸੰਦ ਦੀਆਂ ਸਬਜ਼ੀਆਂ ਉਗਾ ਲਓ । ਪਰ ਕੁਝ ਚੀਜ਼ਾਂ ਇਸ ਤਰ੍ਹਾਂ ਦੀਆਂ ਹੁੰਦੀਆਂ ਹਨ, ਜੋ ਬਿਨਾਂ ਕਿਸੇ ਸਮਝੌਤੇ ਤੋਂ ਹਰ ਘਰ ਬਗੀਚੀ ਵਿਚ ਹੋਣੀਆਂ ਚਾਹੀਦੀਆਂ ਹਨ, ਚਾਹੇ ਦਿਨ ਗਰਮੀ ਦੇ ਹੋਣ ਜਾਂ ਸਰਦੀ ਦੇ । ਇਨ੍ਹਾਂ ਵਿਚ ਹਰਾ ਧਨੀਆ, ਪੁਦੀਨਾ, ਹਰਾ ਪਿਆਜ਼ ਅਤੇ ਹਰਾ ਲਸਣ ਸ਼ਾਮਿਲ ਹੈ । ਇਹ ਤਿੰਨੇ-ਚਾਰੇ ਚੀਜ਼ਾਂ ਇਸ ਤਰ੍ਹਾਂ ਦੀਆਂ ਹਨ ਕਿ ਜੇਕਰ ਇਹ ਸਾਡੀ ਬਗੀਚੀ ਵਿਚ ਹੋਣ ਤਾਂ ਸਬਜ਼ੀ ਵਿਚ ਹੋਣ ਤਾਂ ਸਬਜ਼ੀ ਨਾ ਵੀ ਬਣੇ ਤਾਂ ਚਟਨੀ ਨਾਲ ਖਾਣੇ ਦਾ ਚੋਣ ਮੌਜੂਦ ਰਹਿੰਦੀ ਹੈ ।

# ਪੁਰਾਤਨ ਸਮੇਂ ਵਿਚ 'ਵਾੜੇ' ਦੀ ਮਹੱਤਤਾ



ਜਿੱਥੇ ਬੰਦੇ ਅਤੇ ਪਸ਼ੂ ਰਹਿੰਦੇ ਹਨ ਉਹ ਘਰ ਦਾ ਰੂਪ ਧਾਰਦਾ ਹੈ ਜਿਹੜੀ ਜਗ੍ਹਾ ਇਕੱਲੇ ਪਸ਼ੂਆਂ ਨੂੰ ਰੱਖਿਆ ਜਾਂਦਾ ਹੈ ਤੇ ਖੇਤੀਬਾੜੀ ਦਾ ਸਾਜੋ ਸਮਾਨ (ਸੰਦ) ਸਾਂਭਿਆ ਹੁੰਦਾ ਹੈ ਉਸਨੂੰ 'ਵਾੜਾ' ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ । ਜੇ ਅਸਲੀ ਰੂਪ ਵਿਚ ਰਹਿਣ ਲਈ ਮਕਾਨ ਹੁੰਦਾ ਹੈ ਜਦ ਉਥੇ ਇਨਸਾਨ ਵੱਸੋਂ ਕਰਦਾ ਹੈ ਨਹੀਂ ਉਹ ਘਰ ਬਣ ਜਾਂਦਾ ਹੈ । ਇਸ ਲਈ ਵੱਸੋਂ ਕਰਨ ਨਾਲ ਹੀ ਘਰ ਅਖਵਾਉਂਦਾ ਹੈ ਨਹੀਂ ਤਾਂ ਇੱਟਾਂ ਰੋੜਿਆਂ ਦਾ ਬਣਿਆ ਮਕਾਨ ਹੀ ਅਖਵਾਏਗਾ, ਵਾੜੇ ਨੂੰ ਬਾਹਰਲਾ ਘਰ ਵੀ ਕਿਹਾ ਜਾਂਦਾ ਸੀ । ਚਾਰੇ ਪਾਸੇ ਮੋੜੀਆਂ ਗੱਡ ਕੇ ਉੱਪਰ ਕੰਢਿਆਂ ਦੀ ਵਾੜ ਕੀਤੀ ਹੋਈ ਹੁੰਦੀ ਸੀ ਜਾਂ ਗੁੰਮਿਆਂ ਦੀਆਂ ਪੰਜ ਪੰਜ ਫੁੱਟ ਕੰਧਾਂ ਕੀਤੀਆਂ ਹੁੰਦੀਆਂ ਸਨ । ਅਤੇ ਬੂਹੇ ਇਕ ਰੱਖ ਕੇ ਇਕ ਖਿੜਕ ਲਾਇਆ ਹੁੰਦਾ ਸੀ ।



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249



ਤੂੜੀ ਤੰਦ ਸਾਂਭਣ ਵਾਲੀਆਂ ਮੋਟੀਆਂ ਲਟੈਣਾਂ ਪਾ ਕੇ ਕਾਨਿਆਂ ਸਰ ਤੇ ਮਿੱਟੀ ਨਾਲ ਲਿੱਪ ਕੇ ਖੁੱਲੇ ਕੋਠੇ ਛੱਡੇ ਹੁੰਦੇ ਸਨ ਕਈ ਥਾਈਂ ਵਾੜਿਆਂ ਵਿਚ ਛੱਪਰ ਹੀ ਬਣਾਏ ਹੁੰਦੇ ਸਨ । ਵੱਡੇ ਬਜ਼ੁਰਗ ਦੇ ਲਈ ਇਕ ਛੋਟਾ ਜਿਹਾ ਕੋਠਾ ਪਾਇਆ ਹੁੰਦਾ ਸੀ । ਜਿੱਥੇ ਬਾਬਿਆਂ ਦਾ ਮੰਜਾ ਲੱਕੜ ਵਾਲਾ ਡਾਹਿਆ ਹੁੰਦਾ ਸੀ । ਬਾਬਿਆਂ ਦਾ ਲੀੜਾ ਕੱਪੜਾ ਛੋਟੀ ਜੁੱਤੀ ਅਤੇ ਵੱਡੀ ਡਾਂਗ ਆਪਣੇ ਸਿਰਾਣੇ ਰੱਖੀ ਹੁੰਦੀ ਸੀ । ਕੁੱਤੇ ਬਿਲੇ ਨੂੰ ਭਜਾਉਣ ਲਈ ਕੰਮ ਆਉਂਦੀ ਸੀ । ਦਿਨ ਵੇਲੇ ਬਜ਼ੁਰਗ ਬਾਬੇ ਸੱਥ ਵਿਚ ਵਧੀਆ ਜੀਵਨ ਬਤੀਤ ਕਰਦੇ, ਨਹੀਂ ਤਾਂ ਸਾਰਾ ਸਮਾਂ ਵਾੜੇ ਵਿਚ ਗੁਜ਼ਾਰਦੇ ਸਨ । ਕਦੇ ਬਲਦਾਂ ਨੂੰ ਖਰਖਰਾ ਫੇਰ ਲਿਆ ਤੇ ਕਦੇ ਮੱਝਾਂ ਵਿਚ ਜਾਂ ਵਾਰੀ ਵਾਰੀ ਇਕ ਵਿਸ਼ਲੇਸ਼ਣ ਕਰਦੇ ਰਹਿੰਦੇ ਕਿ ਕੋਈ ਢਿੱਲਾ ਮੱਠਾ ਹੁੰਦਾ ਕੋਲੇ ਰੱਖੀ ਸੌਂਫ ਜਵੈਣ ਵਗੈਰਾ ਪਸ਼ੂਆਂ ਨੂੰ ਦੇਂਦੇ ਰਹਿੰਦੇ ਸਨ ਕਾੜਾ ਵਗੈਰ ਦੇਣ ਲਈ ਆਪਣੇ ਕੋਠੇ ਵਿਚ ਇਕ ਲੱਕੜ ਦੀ ਨਾਲ ਵੀ ਰੱਖੀ ਹੁੰਦੀ ਸੀ ।

ਬਾਬਿਆਂ ਨੇ ਜਿੱਥੇ ਮੰਜੇ ਡਾਹੇ ਹੁੰਦੇ ਸਨ ਸਿਰ ਵਾਲੇ ਪਾਸੇ ਕਿੱਲੀਆਂ ਤੇ ਕੱਪੜੇ ਮੁਕਾ ਕੁਝ ਸਮਾਨ ਛੋਟੇ ਰੱਸੇ ਰੱਸੀਆਂ ਸੌਂਫ ਜਵੈਣ ਦੀਆਂ ਪੋਟਲੀਆਂ ਟੰਗੀਆਂ ਸਨ ਅਤੇ ਆਪਣੇ ਜੁੱਤੇ ਵਗੈਰਾ ਮੰਜੇ ਥੱਲੇ ਸੰਭਾਲ ਕੇ ਰੱਖਦੇ ਸਨ ਪਾਣੀ ਰੱਖਣ ਲਈ ਵੱਡਾ ਘੜਾ ਉੱਪਰ ਇਕ ਘੜਵੀਂ ਰੱਖੀ ਹੁੰਦੀ ਸੀ ।

ਵਾੜੇ ਵਿਚ ਬਾਬੇ ਦਰਖਤ ਜ਼ਰੂਰ ਲਾਉਂਦੇ ਸਨ । ਕਈ ਕਈ ਰੁੱਖ ਲਾਇਆ ਕਰਦੇ ਸਨ ਅਤੇ ਉਹ ਨਿੰਮ ਦੇ ਰੁੱਖ ਲਾਉਣ ਨੂੰ ਤਰਜੀਹ ਦੇਂਦੇ ਸਨ ਅਤੇ ਆਪ ਛੱਪੜਾਂ ਟੋਭਿਆਂ ਤੋਂ ਪਾਣੀ ਲਿਆ ਕੇ ਰੁੱਖਾਂ ਪਾ ਕੇ ਪਾਲਦੇ ਸਨ । ਛਾਂ ਥੱਲੇ ਪਸ਼ੂਆਂ ਨੂੰ ਬੰਨ੍ਹ ਕੇ ਆਪ ਵੀ ਆਰਾਮ ਕਰਦੇ ਸਨ । ਕਈ ਵਾੜਿਆਂ ਵਿਚ ਗੋਲ ਰੂਪ ਵਿਚ ਰੁੱਖ ਦੁਆਲੇ ਖੁਰਲ ਬਣਾਏ ਹੁੰਦੇ ਸਨ । ਦੁਆਲੇ ਪਸ਼ੂ ਬੰਨ੍ਹ ਲਿਆ ਕਰਦੇ ਸਨ । ਜ਼ਿਆਦਾ ਪਸ਼ੂ ਰੱਖਦੇ ਜ਼ਿੰਮੀਦਾਰ ਦੀ ਵੱਡਤਣ ਜ਼ਾਹਰ ਹੁੰਦੀ ਸੀ । ਬਜ਼ੁਰਗਾਂ ਦਾ ਜੀਅ ਵਾੜੇ ਵਿਚ ਪਸ਼ੂਆਂ ਕੋਲ ਜ਼ਿਆਦਾ ਲੱਗਦਾ ਸੀ । ਬਾਬੇ ਵਾੜੇ ਵਿਚ ਰਹਿ ਕੇ ਖੁਸ਼ ਰਹਿੰਦੇ ਸਨ ।

ਡੰਗਰ ਤੇ ਬਾਬੇ ਵੱਡ ਵਡੇਰੇ ਵਾੜਿਆਂ ਦੀ ਰੌਣਕ ਹੋਇਆ ਕਰਦੇ ਸਨ । ਉਹਨਾਂ ਬਗੈਰ ਵਾੜਾ ਭਾਂ-ਭਾਂ ਕਰਨ ਲੱਗ ਜਾਂਦਾ ਸੀ । ਹਾਲੀ, ਪਸ਼ੂਆਂ, ਫਾਂਡਰ ਪਸ਼ੂ ਲਵੇਰੇ ਅਤੇ ਕਟਰੂਆਂ ਵੱਛਰੂਆਂ ਦੀਆਂ ਖੁਰਲੀਆਂ ਵੱਖ ਵੱਖ ਹੋਇਆ ਕਰਦੀਆਂ ਸਨ । ਇਹਨਾਂ ਛੋਟਿਆਂ ਕਟਰੂਆਂ ਵੱਛਰੂਆਂ ਦੀਆਂ ਸੰਭਾਲ ਜ਼ਿਆਦਾ ਕਰਨੀ ਪੈਂਦੀ ਸੀ ਸਰਦੀ ਵਿਚ ਹਰੇਕ ਪਸ਼ੂ ਥੱਲੇ ਸੁੱਕ ਪਾਉਣੀ ਜ਼ਰੂਰੀ ਹੁੰਦੀ ਸੀ । ਰਾਤ ਦੇ ਸਮੇਂ ਬਜ਼ੁਰਗ ਵਾੜੇ ਵਿਚ ਪੈਂਦੇ ਸਨ । ਪਸ਼ੂਆਂ ਦਾ ਪਿਛਲਾ ਥਾਂ ਨੀਵਾਂ ਰੱਖਿਆ ਜਾਂਦਾ ਸੀ । ਕਿਉਂਕਿ ਪਿਸ਼ਾਬ ਪਿਛੇ ਹੀ ਵਹਿ ਜਾਵੇ । ਫਾਡਰੂਆਂ ਦਾ ਘੱਟ ਖਿਆਲ ਰੱਖਿਆ ਜਾਂਦਾ ਸੀ । ਵਾੜੇ ਦੀ ਅਹਿਮੀਅਤ ਨੂੰ ਪੁਰਾਤਨ ਸਮੇਂ ਮੁਤਾਬਕ ਸਭ ਕੁਝ ਤਬਦੀਲ ਹੋ ਗਿਆ ਘਰਾਂ ਵਿਚ ਅੱਜ ਪਸ਼ੂਆਂ ਦੀ ਘਾਟ ਹੀ ਹਨ ।

ਬਾਕੀ ਸਫਾ 2 ਦੀ

# ਕਿਵੇਂ ਚੱਲੇਗਾ ਪਾਣੀ ਬਿਨਾਂ ਜੀਵਨ

ਪੰਜਾਬ ਦਾ ਪਾਣੀ ਖਤਮ ਕਰ ਦੇਵੇਗੀ । ਸੰਨ 1986 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਨੇ ਕਿਹਾ ਸੀ ਕਿ ਜੀਰੀ ਦੀ ਫਸਲ ਲਈ



20 ਫੀਸਦੀ ਰਕਬਾ ਘਟਾਉਣਾ ਚਾਹੀਦਾ ਹੈ ਪਰ ਲਾਲਚ ਵੱਸ ਸਭ ਨੇ ਇਹ ਨਸੀਹਤ ਅਣਸੁਣੀ ਕਰ ਦਿੱਤੀ । ਪੰਜਾਬ ਵਿਚ ਮੁੱਖ ਵਰਤੋਂ ਜ਼ਮੀਨਦੋਜ਼ ਪਾਣੀ ਦੀ ਹੀ ਹੋ ਰਹੀ ਹੈ । ਨਹਿਰੀ ਪਾਣੀ ਤਾਂ ਚੌਥਾ ਹਿੱਸਾ ਵੀ ਨਹੀਂ ਵਰਤਿਆ ਜਾ ਰਿਹਾ ਹੈ । ਪੰਜਾਬ ਵਿਚ ਹਰ ਸਾਲ ਧਰਤੀ ਹੇਠਲਾ ਇਕ ਕਿਊਬਕ ਕਿਲੋਮੀਟਰ ਪਾਣੀ ਧਰਤੀ ਹੇਠੋਂ ਕੱਢਿਆ ਜਾਂਦਾ ਹੈ ।

ਪਾਣੀ ਲਗਾਤਾਰ ਘਟ ਰਿਹਾ ਹੈ । ਦੇਸ਼ ਸੰਸਾਰ ਦਾ ਸਭ ਤੋਂ ਵੱਧ ਪਾਣੀ ਦੇ ਸੰਕਟ ਨਾਲ ਸੰਬੰਧਿਤ ਦੇਸ਼ ਬਣ ਗਿਆ ਹੈ । ਜੇਕਰ ਇਹ ਵੀ ਹਾਲ ਰਿਹਾ ਤਾਂ ਪਾਣੀ ਇਕ ਵੱਡੀ ਵਪਾਰੀ ਵਸਤੂ ਬਣ ਕੇ ਰਹਿ ਜਾਵੇਗੀ । ਮਹਿੰਗੇ ਪਾਅ ਹੱਟੀਆਂ ਤੋਂ ਪਾਣੀ ਦੀ ਖਰੀਦ ਕੀਤੀ ਜਾਵੇਗੀ । ਇਹ ਪਾਣੀ ਦੀ ਘਾਟ ਦੀ ਵਜ੍ਹਾ ਕਰਕੇ ਹੀ ਹੈ ਕਿ ਅੱਜ ਵੱਖ-ਵੱਖ ਸੂਬਿਆਂ ਦੇ ਆਪਸੀ ਪਾਣੀ ਸੰਬੰਧੀ ਝਗੜੇ ਚੱਲ ਰਹੇ ਹਨ । ਨਰਮਦਾ ਬਚਾਓ ਅੰਦੋਲਨ ਬਨਾਮ ਕੇਂਦਰ ਸਰਕਾਰ ਦੇ 2001 ਦੇ ਕੇਸ ਵਿਚ ਤਾਂ ਸੁਪਰੀਮ ਕੋਰਟ ਨੇ ਪਾਣੀ ਨੂੰ ਹਰ ਇਕ ਦਾ ਮੌਲਿਕ ਅਧਿਕਾਰ ਹੀ ਘੋਸ਼ਿਤ ਕਰ ਦਿੱਤਾ ਸੀ । ਪਾਣੀ ਦੀ ਜੇਕਰ ਅਸੀਂ ਸਮਝ ਨਾਲ, ਸੰਕੋਚ ਨਾਲ, ਲੋੜ ਮੁਤਾਬਿਕ ਵਰਤੋਂ ਕਰੀਏ ਤਾਂ ਲੱਖਾਂ ਕਰੋੜਾਂ ਲਿਟਰ ਪਾਣੀ ਅਸੀਂ ਬਿਨਾਂ ਕੁਝ ਕੀਤੇ, ਬਿਨਾਂ ਕੁਝ ਖਰਚੇ ਹੀ ਬਚਾ ਸਕਦੇ ਹਾਂ । ਇਹੀ ਪਾਣੀ ਅਸੀਂ ਲੋੜ ਮੁਤਾਬਿਕ ਵਰਤ ਸਕਦੇ ਹਾਂ, ਪਰ ਸਾਡਾ ਇਸ ਪਾਸੇ ਧਿਆਨ ਹੀ ਨਹੀਂ ਹੈ । ਅਸਲ ਵਿਚ ਸਾਡਾ ਪਾਣੀ ਦੀ ਰਖਵਾਲੀ ਵੱਲ ਧਿਆਨ ਹੀ ਨਹੀਂ ਹੈ । ਪਾਣੀ ਸੈਂਕੜੇ ਫੁੱਟ ਹੇਠਾਂ ਚਲਾ ਗਿਆ ਹੈ, ਜੋ ਕਦੇ ਮਸਾਂ ਦਸ ਫੁੱਟ 'ਤੇ ਹੁੰਦਾ ਸੀ । ਮੀਂਹ ਦਾ ਪਾਣੀ ਸਾਂਭਣ ਦਾ ਸਾਡੇ ਕੋਲ ਇਸ ਵਕਤ ਕੋਈ ਪ੍ਰਬੰਧ ਨਹੀਂ ਹੈ । ਜ਼ਿਆਦਾ ਬਾਰਿਸ਼ ਆ ਜਾਵੇ ਤਾਂ ਜਲਥਲ ਹੋ ਜਾਂਦਾ ਹੈ । ਨਹੀਂ ਬਾਰਿਸ਼ ਹੁੰਦੀ ਤਾਂ ਸੋਕਾ ਪੈ ਜਾਂਦਾ ਹੈ । ਮੀਂਹ ਵੱਧ ਵੀ ਪੈ ਜਾਵੇ ਤਦ ਵੀ ਪਾਣੀ ਹੇਠਾਂ ਜ਼ਮੀਨ ਦੀ ਤਹਿ ਵਿਚ ਤਾਂ ਜਾਂਦਾ ਹੀ ਨਹੀਂ ਹੈ । ਪਾਣੀ ਰੁੜ੍ਹ ਕੇ ਅੱਗੇ ਦੀ ਅੱਗੇ ਦਰਿਆਵਾਂ ਰਾਹੀਂ ਸਮੁੰਦਰ ਵਿਚ ਚਲੇ ਜਾਂਦਾ ਹੈ । ਧਰਤੀ ਵਿਚ ਪਾਣੀ ਜੀਰਨ ਦੇ ਕੁਦਰਤੀ ਮੁਸਾਮ ਸਨ ਜਿਨ੍ਹਾਂ ਰਾਹੀਂ ਪਾਣੀ ਧਰਤੀ ਹੇਠਾਂ ਚਲਾ ਜਾਂਦਾ ਸੀ ਪਰ ਅਸੀਂ ਉਹ ਸਾਰੇ ਕੁਦਰਤੀ ਮੁਸਾਮ ਬੰਦ ਕਰ ਦਿੱਤੇ ਹਨ । ਘਰ ਤਾ ਅਸੀਂ ਸਾਰਾ ਹੀ ਪੱਕਾ ਰੱਖਦੇ ਹਾਂ । ਰਹਿੰਦੀ ਗੱਲ ਖੇਤਾਂ ਦੀ ਉੱਥੇ ਅਸੀਂ ਜੀਰੀ ਲਾ ਕੇ ਜ਼ਮੀਨ ਵਿਚਲੇ ਮੁਸਾਮ ਖਤਮ ਕਰ ਦਿੱਤੇ ਹਨ । ਪਾਣੀ ਰੋਕਣ ਲਈ ਅਸੀਂ ਖੇਤ ਨੂੰ ਐਨਾ ਪੱਕਾ ਕਰ ਦਿੰਦੇ ਹਾਂ ਕਿ ਵਪਾਣੀ ਦੀ ਇਕ ਬੂੰਦ ਵੀ ਹੇਠਾਂ ਨਾ ਜਾਵੇ । ਕਿਸ ਤਰ੍ਹਾਂ ਅਜਿਹੇ ਹਾਲਾਤ ਵਿਚ ਪਾਣੀ ਦਾ ਹੇਠਲਾ ਪੱਧਰ ਬਰਕਰਾਰ ਰਹੇਗਾ । ਪਾਣੀ ਹੇਠਾਂ ਤੋਂ ਕੱਢ ਰਹੇ ਹਾਂ ਪਰ ਪਾਣੀ ਹੇਠਾਂ ਜਾਣ ਦਾ ਪ੍ਰਬੰਧ ਹੀ ਨਹੀਂ ਹੈ । ਪਾਣੀ ਹੇਠਾਂ ਜਾਣ ਦਾ ਕੁਦਰਤੀ ਪ੍ਰਬੰਧ ਅਸੀਂ ਖਤਮ ਹੀ ਕਰ ਦਿੱਤਾ ਹੈ । ਇਸ ਵਕਤ ਪਾਣੀ ਦੀਆਂ ਜ਼ਮੀਨ ਹੇਠਾਂ ਕੁਝ ਕੁ ਪਰਤਾਂ ਹੀ ਬਚੀਆਂ ਹਨ, ਪਰ ਪਾਣੀ ਦੀਆਂ ਪਰਤਾਂ ਲਗਾਤਾਰ ਖਤਮ ਹੋਣਾ ਵੀ ਖਤਰੇ ਵਾਲੀ ਗੱਲ ਹੈ । ਜ਼ਮੀਨ ਹੇਠਾਂ ਵੱਖ-ਵੱਖ ਪਰਤਾਂ ਵਿਚ ਭਰਿਆ ਪਾਣੀ ਜ਼ਮੀਨ ਦੀਆਂ ਪਰਤਾਂ ਦਾ ਸਮਤੋਲ ਬਣਾ ਕੇ ਰੱਖਦਾ ਹੈ । ਜਿਹੜੀਆਂ ਪਰਤਾਂ ਖਾਲੀ ਹੋ ਗਈਆਂ ਹਨ ਉੱਥੇ ਤਾਂ ਖਲਾਅ ਪੈਦਾ ਹੋ ਗਿਆ ਹੈ । ਜ਼ਮੀਨ ਦੇ ਹੇਠਾਂ ਗਰਕਣ ਦੇ ਆਸਾਰ ਵੀ ਹਨ । ਹੇਠਾਂ ਤਾਂ ਖਾਲੀ ਜਗ੍ਹਾ ਬਣ ਗਈ ਹੈ ਜੋ ਪਾਣੀ ਨੇ ਪੂਰੀ ਕੀਤੀ ਹੋਈ ਸੀ । ਜ਼ਮੀਨ ਜਾਂ ਮਿੱਟੀ ਕਿਸੇ ਦੇ ਸਹਾਰੇ ਟਿਕੇਗੀ । ਅਜਿਹੇ ਹਾਲਾਤ ਵਿਚ ਪਾਣੀ ਦੇ ਖਾਤਮੇ ਵਲੋਂ ਕੀਤਾ ਗਿਆ ਖਲਾਅ ਤਬਾਹੀ ਦਾ ਕਾਰਨ ਹੋ ਸਕਦਾ ਹੈ । ਜ਼ਮੀਨ ਗਰਕ ਸਕਦੀ ਹੈ । ਵਧ ਰਿਹਾ ਉਦਯੋਗੀਕਰਨ, ਵੱਧ ਰਿਹਾ ਨਿਰਮਾਣ ਕਾਰਜ ਅਤੇ ਵੱਧ ਫਸਲ ਪੈਦਾ ਕਰਨ ਦੇ ਲਾਲਚਵੱਸ ਅਸੀਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਮੁਸ਼ਕਿਲਾਂ ਪੈਦਾ ਕਰ ਰਹੇ ਹਾਂ ।

ਪਾਣੀ ਸਾਡੇ ਕੋਲ ਲੋੜ ਮੁਤਾਬਿਕ



ਹੈ ਪਰ ਅਸੀਂ ਪਾਣੀ ਦੀ ਵਰਤੋਂ ਬੇਫਿਕਰੀ ਨਾਲ ਕਰਦੇ ਹਾਂ । ਪਾਣੀ 'ਤੇ ਨਿਯੰਤਰਣ ਦੀ ਕਮੀ, ਨੀਤੀਗਤ ਕਮਜ਼ੋਰੀ, ਨਿੱਜੀਕਰਨ ਦਾ ਵੱਧ ਰਿਹਾ ਪਸਾਰ, ਭ੍ਰਿਸ਼ਟਾਚਾਰ ਆਦਿ ਅਜਿਹੇ ਕਾਰਨ ਹਨ, ਜਿਸ ਕਰਕੇ ਪਾਣੀ ਦਾ ਸੰਕਟ ਖੜ੍ਹਾ ਹੋ ਰਿਹਾ ਹੈ । ਦੇਸ਼ ਦੀ ਇਕ ਅਰਬ ਚਾਲੀ ਕਰੋੜ ਆਬਾਦੀ ਨੂੰ ਅਸੀ ਪਾਣੀ ਵਿਉਂਤਬੰਦੀ ਨਾਲ ਹੀ ਦੇ ਸਕਦੇ ਹਾਂ । ਹਰ ਖੇਤਰ ਲਈ ਪਾਣੀ ਦੀ ਵਰਤੋਂ ਦੀ ਸੀਮਾ ਤੈਅ ਹੋਣੀ ਚਾਹੀਦੀ ਹੈ । ਮੁਫਤ ਪਾਣੀ ਦੀ ਸਹੂਲਤ ਬਿਲਕੁਲ ਨਹੀਂ ਹੋਣੀ ਚਾਹੀਦੀ, ਖੇਤੀ ਖੇਤਰ ਵਿਚ ਪਾਣੀ ਦੀ ਉਪਲਬਧਤਾ ਮੁਤਾਬਿਕ ਹੀ ਫਸਲ ਕਾਸ਼ਤ ਕੀਤੀ ਜਾਣੀ ਚਾਹੀਦੀ ਹੈ । ਜਿੱਥੇ ਚੋਖਾ ਪਾਣੀ ਹੀ ਨਹੀਂ ਹੈ ਉੱਥੇ ਜੀਰੀ ਵਰਗੀ ਫਸਲ ਬੀਜਣੀ ਅਕਲਮੰਦੀ ਨਹੀਂ ਹੋਵੇਗੀ । ਸਿੰਚਾਈ ਵਿਧੀ ਵਿਚ ਤਬਦੀਲੀ, ਨਮੀ ਵਾਲੇ ਖੇਤਾਂ ਦੀ ਸੰਭਾਲ ਕਰਨਾ, ਪਾਣੀ ਦੇ ਨਵੇਂ ਸੋਮੇ ਖੋਜਣਾ ਆਦਿ ਬਹੁਤ ਸਾਰੀਆਂ ਵਿਧੀਆਂ ਹਨ ਜਿਸ ਨਾਲ ਅਸੀਂ ਪਾਣੀ ਦੀ ਬੱਚਤ ਅਤੇ ਸੰਭਾਲ ਕਰ ਸਕਦੇ ਹਾਂ । ਸਭ ਤੋਂ ਵੱਧ ਜ਼ਰੂਰਤ ਆਦਤ ਸੁਧਾਰਨ ਦੀ ਹੈ । ਆਦਤ ਸੁਧਾਰਨ ਨਾਲ ਸਾਡੇ ਵੱਡੇ-ਵੱਡੇ ਦਰਿਆ ਤੇ ਪਾਣੀ ਦੇ ਅਥਾਹ ਭੰਡਾਰ ਬਚ ਜਾਣਗੇ । ਜੇਕਰ ਅਸੀਂ ਨਾ ਸੁਧਰੇ ਤਾਂ ਕੁਝ ਹੀ ਸਮੇਂ ਵਿਚ ਬਹਿਰੀਨ, ਕੁਵੈਤ, ਲਿਬਨਾਨ, ਓਮਾਨ, ਕਤਰ, ਸਾਈਪ੍ਰਸ ਅਤੇ ਈਰਾਨ ਵਾਲਾ ਹਾਲ ਹੋਣਾ ਤੈਅ ਹੈ ।



# ਕੀ ਪੰਜਾਬ ਦੇ ਕਿਸਾਨਾਂ ਲਈ ਸਮਰਥਨ ਮੁੱਲ ਦੀ ਗਾਰੰਟੀ ਲਾਭਦਾਇਕ ਰਹੇਗੀ?

**ਅਜੇ ਵੀਰ ਜਾਖੜ, ਸਾਬਕਾ ਚੇਅਰਮੈਨ, ਪੰਜਾਬ ਰਾਜ ਕਿਸਾਨ ਕਮਿਸ਼ਨ, ਮੋਬਾਈਲ : 98101-44555**

ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਕੇਂਦਰ ਸਰਕਾਰ ਵਲੋਂ ਵੱਖ-ਵੱਖ ਫਸਲਾਂ ਲਈ ਗਿਣਿਆ-ਮਿੱਥਿਆ ਗਿਆ ਮੁੱਲ ਹੈ, ਜਿਸ ਉੱਤੇ ਉਹ ਆਪਣੇ ਖੁਰਾਕ ਸੁਰੱਖਿਆ ਭੰਡਾਰ ਲਈ ਅੰਨ ਖਰੀਦਦੀ ਹੈ, ਜਿਸ 'ਚੋਂ ਕੁਝ ਹਿੱਸਾ ਉਹ ਗਰੀਬਾਂ ਨੂੰ ਵੰਡਦੀ ਹੈ, ਤਾਂ ਜੋ ਮਹਿੰਗਾਈ ਨੂੰ ਘੱਟ ਕੀਤਾ ਜਾ ਸਕੇ, ਕੀਮਤਾਂ ਨੂੰ ਸਥਿਰ ਰੱਖਿਆ ਜਾ ਸਕੇ ਅਤੇ ਇਸ ਅਮਲ ਨਾਲ ਕਿਸਾਨਾਂ ਨੂੰ ਵੀ ਸਮਰਥਨ ਮਿਲਦਾ ਹੈ। ਇਸ ਲਈ ਅਤੀਤ, ਵਰਤਮਾਨ ਅਤੇ ਭਵਿੱਖ 'ਚ ਕੋਈ ਵੀ ਸਰਕਾਰ ਐੱਮ. ਐੱਸ. ਪੀ. 'ਤੇ ਫਸਲਾਂ ਦੀ ਖਰੀਦ ਦਾ ਐਲਾਨ ਕਰਨਾ ਬੰਦ ਨਹੀਂ ਕਰੇਗੀ। ਜਦੋਂ ਕਿ, ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਐੱਮ. ਐੱਸ. ਪੀ. ਕਾਫੀ ਹੱਦ ਤੱਕ ਕਿਸਾਨ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਪ੍ਰਾਪਤ ਕਰਨ ਦੇ ਅਧਿਕਾਰ ਦਾ ਪ੍ਰਤੀਕ ਬਣ ਗਈ ਹੈ, ਜੋ ਕਿ ਉਨ੍ਹਾਂ ਅਨੁਸਾਰ ਸਰਕਾਰ ਲਈ ਸੰਵਿਧਾਨਕ ਤੌਰ 'ਤੇ ਦੇਣੀ ਜ਼ਰੂਰੀ ਹੈ।

ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਐੱਮ. ਐੱਸ. ਪੀ. ਜਾਂ ਇਸ ਦੀ ਗੈਰ-ਵਿਹਾਰਕਤਾ ਨੂੰ ਜਾਇਜ਼ ਠਹਿਰਾਉਂਦਿਆਂ ਵਿਆਪਕ ਬਹਿਸ ਹੋ ਰਹੀ ਹੈ। ਇਸ ਦੀ ਸੰਚਾਲਨ ਵਿਧੀ 'ਤੇ ਵੀ ਕੋਈ ਸਪੱਸ਼ਟਤਾ ਨਹੀਂ ਹੈ, ਕਿਉਂਕਿ ਲੋਕ ਇਸ ਨੂੰ ਵੱਖਰੇ ਢੰਗ ਨਾਲ ਸਮਝ ਰਹੇ ਹਨ। ਉਦਾਹਰਨ ਦੇ ਤੌਰ 'ਤੇ ਸੜਕਾਂ 'ਤੇ ਉੱਤਰੇ ਜ਼ਿਆਦਾਤਰ ਕਿਸਾਨਾਂ ਦਾ ਮੰਨਣਾ ਹੈ ਕਿ ਜਦੋਂ ਅਜਿਹਾ ਕਾਨੂੰਨ ਬਣੇਗਾ ਤਾਂ ਸਰਕਾਰ ਨੂੰ ਜ਼ਮੀਨੀ ਪੱਧਰ 'ਤੇ ਹਰ ਚੀਜ਼ ਦੀ ਖਰੀਦ ਕਰਨੀ ਹੀ ਪਵੇਗੀ। ਇਸ ਵਿਚਾਰ ਨੂੰ ਲਗਭਗ ਉਨ੍ਹਾਂ ਸਾਰੇ ਲੋਕਾਂ ਨੇ ਸਿਰੇ ਤੋਂ ਖਾਰਜ ਕਰ ਦਿੱਤਾ ਹੈ, ਜੋ ਸਮਝਦੇ ਹਨ ਕਿ ਘੱਟੋ-ਘੱਟ ਸਮਰਥਨ ਮੁੱਲ ਇਕ ਕੀਮਤ ਹੈ, ਜਿਸ ਨੂੰ ਖਰੀਦ ਏਜੰਸੀਆਂ ਜਾਂ ਸਰਕਾਰ ਵਲੋਂ ਬਾਜ਼ਾਰੀ ਮੁੱਲ ਅਤੇ ਸਮਰਥਨ ਮੁੱਲ ਵਿਚਲੇ ਅੰਤਰ ਦਾ ਭੁਗਤਾਨ ਕਰਨ ਜਿਹੇ ਵੱਖ-ਵੱਖ ਸਾਧਨਾਂ ਨਾਲ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।



ਬਹੁਤ ਸਾਰੇ ਲੋਕ ਇਹ ਵੀ ਮੰਨਦੇ ਹਨ ਕਿ ਐੱਮ. ਐੱਸ. ਪੀ. ਸੰਬੰਧੀ ਕਾਨੂੰਨ ਦਾ ਮਤਲਬ ਇਹ ਹੋਵੇਗਾ ਕਿ ਜਿਹੜਾ ਵੀ ਵਪਾਰੀ ਐੱਮ. ਐੱਸ. ਪੀ. ਤੋਂ ਹੇਠਾਂ ਉਪਜ ਖਰੀਦੇਗਾ, ਉਸ 'ਤੇ ਕਾਨੂੰਨੀ ਕਾਰਵਾਈ ਹੋਵੇਗੀ। ਇਸ ਵਿਚਾਰ ਨੂੰ ਵੀ ਲਗਭਗ ਸਾਰੇ ਲੋਕਾਂ ਨੇ ਖਾਰਜ ਕਰ ਦਿੱਤਾ ਹੈ, ਕਿਉਂਕਿ ਇਹ ਨਾ ਸਿਰਫ ਕਿਸਾਨਾਂ ਨੂੰ ਬਾਜ਼ਾਰੀ ਮੁੱਲ ਅਤੇ ਐੱਮ. ਐੱਸ. ਪੀ. ਦੇ ਵਿਚਕਾਰ ਦੇ ਅੰਤਰ ਦਾ ਭੁਗਤਾਨ ਕਰਨ ਦੇ ਬਦਲ ਨੂੰ ਨਕਾਰ ਦੇਵੇਗਾ, ਸਗੋਂ ਇਹ ਸਭ ਤੋਂ ਮਹੱਤਵ ਪੂਰਨ ਬਾਜ਼ਾਰੀ ਮੁੱਲ ਖੋਜ ਵਿਧੀ ਨੂੰ ਵੀ ਖਤਮ ਕਰ ਦੇਵੇਗਾ। ਮੈਂ ਜਿਸ ਗੱਲ ਤੋਂ ਪੂਰੀ ਤਰ੍ਹਾਂ ਡਰਦਾ ਹਾਂ ਅਤੇ ਇੱਥੇ ਸਪੱਸ਼ਟ ਵੀ ਕਰਨਾ ਚਾਹੁੰਦਾ ਹਾਂ, ਉਹ ਹਨ 4 ਮਹੱਤਵਪੂਰਨ ਉਪਬੰਧ, ਜੋ ਸੰਭਾਵਿਤ ਤੌਰ 'ਤੇ ਕਾਨੂੰਨ ਦਾ ਹਿੱਸਾ ਬਣਨਗੇ। ਹੋਰਨਾਂ ਰਾਜਾਂ ਦੇ ਕਿਸਾਨ ਜਿਨ੍ਹਾਂ ਦੀਆਂ ਫਸਲਾਂ ਦੀ ਖਰੀਦ ਨਹੀਂ ਹੋ ਰਹੀ ਹੈ, ਉਹ ਇਨ੍ਹਾਂ ਤੋਂ ਖੁਸ਼ ਹੋਣਗੇ, ਪਰ ਪੰਜਾਬ ਦੇ ਕਿਸਾਨਾਂ ਲਈ ਇਹ ਬੜੇ ਦੁੱਖ ਅਤੇ ਸਦਮੇ ਦਾ ਕਾਰਨ ਹੋ ਸਕਦੇ ਹਨ। ਇਨ੍ਹਾਂ ਦਾ ਵੇਰਵਾ ਇੱਥੇ ਦਿੱਤਾ ਜਾ ਰਿਹਾ ਹੈ।

1. ਇਹ ਮੰਨਦੇ ਹੋਏ ਕਿ ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਐੱਮ. ਐੱਸ. ਪੀ ਨੂੰ ਲਾਗੂ ਕੀਤਾ ਜਾਣਾ ਹੈ, ਤਾਂ ਤਰਕਪੂਰਨ ਤੌਰ 'ਤੇ ਇਸ ਨੂੰ ਖੇਤਰ ਦੀ ਫਸਲ ਉਤਪਾਦਨ ਯੋਜਨਾ ਅਨੁਸਾਰ ਲਾਗੂ ਕੀਤਾ ਜਾਵੇਗਾ, ਜਿੱਥੇ ਇਕ ਖਾਸ ਖੇਤਰ 'ਚ, ਇਕ ਕਿਸਾਨ ਨੂੰ ਬਲਾਕ ਦੀਆਂ ਖੇਤੀ-ਜਲਵਾਯੂ ਸਥਿਤੀਆਂ ਦੇ ਆਧਾਰ 'ਤੇ ਸਭ ਤੋਂ ਅਨੁਕੂਲ ਫਸਲਾਂ ਉਗਾਉਣ ਲਈ ਹੀ ਉਤਸ਼ਾਹਿਤ ਕੀਤਾ ਜਾਵੇਗਾ। ਇਸ ਦਾ ਪੰਜਾਬ ਲਈ ਵਿਹਾਰਕ ਤੌਰ 'ਤੇ ਮਤਲਬ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਝੋਨੇ ਦੀ ਖੇਤੀ ਵਿਚ ਕਮੀ ਕਰਨੀ ਹੋਵੇਗਾ, ਪਰ ਝੋਨਾ ਉਗਾਉਣ ਵਾਲੇ ਪੰਜਾਬ ਦੇ ਕਿਸਾਨ ਵੱਲ ਰੁਖ ਨਹੀਂ ਕਰਨਾ ਚਾਹੁਣਗੇ, ਕਿਉਂਕਿ ਬਾਜਰਾ, ਮੱਕੀ, ਮੂੰਗੀ ਆਦਿ ਵਰਗੀਆਂ ਬਦਲਵੀਆਂ ਫਸਲਾਂ ਝੋਨੇ ਤੋਂ ਅੱਧ ਦੇ ਬਰਾਬਰ ਵੀ ਲਾਭਕਾਰੀ ਨਹੀਂ ਹੋ ਸਕਦੀਆਂ।

2. ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੇ ਵਿਧੀ ਵਿਧਾਨ ਦੇ ਨਤੀਜੇ ਵਜੋਂ ਪੂਰੇ ਭਾਰਤ 'ਚ ਵੱਖ-ਵੱਖ ਵਧੇਰੇ ਫਸਲਾਂ ਦਾ ਸਮਰਥਨ ਮੁੱਲ ਨਿਰਧਾਰਤ ਹੋਣ ਨਾਲ ਖਰੀਦ 'ਚ ਤੇਜ਼ੀ ਨਾਲ ਵਾਧਾ ਹੋਵੇਗਾ। ਇਸ ਲਈ ਵਧੀ ਹੋਈ ਲਾਗਤ ਅਤੇ ਮੰਡੀਕਰਨ ਵਿਚ ਸਰਕਾਰੀ ਦਖਲਅੰਦਾਜ਼ੀ ਦੇ ਪਹਿਲੂਆਂ ਨੂੰ ਦੇਖਦੇ ਹੋਏ, ਇਹ ਤਰਕਸੰਗਤ ਹੈ ਕਿ ਇਹ ਦਖਲਅੰਦਾਜ਼ੀ ਪ੍ਰਤੀ ਕਿਸਾਨ ਪਰਿਵਾਰ ਦੀ ਸੀਮਤ ਉਪਜ (ਪੰਜ ਏਕੜ ਮੁੱਲ) ਲਈ ਹੀ ਹੋਵੇਗੀ। ਇਹ ਕੋਈ ਨਵੀਂ ਗੱਲ ਨਹੀਂ ਹੈ ਅਤੇ ਸਾਰੇ ਰਾਜਾਂ 'ਚ ਸਾਰੀਆਂ ਫਸਲਾਂ (ਕਣਕ ਅਤੇ ਝੋਨੇ ਨੂੰ ਛੱਡ ਕੇ) ਲਈ ਇਹੀ ਮਾਪਦੰਡ ਹਨ। ਇਨ੍ਹਾਂ ਦੋਵਾਂ ਬੁਨਿਆਦੀ ਗੱਲਾਂ ਕਰਕੇ ਪੰਜਾਬ 'ਚ ਝੋਨੇ ਅਤੇ ਕਣਕ ਦੀ ਖਰੀਦ ਘੱਟੋ-ਘੱਟ ਇਕ ਤਿਹਾਈ ਘੱਟ ਹੋ ਸਕਦੀ ਹੈ।

ਕੇਂਦਰ ਸਰਕਾਰ ਦੀਆਂ ਏਜੰਸੀਆਂ ਪੰਜਾਬ ਦੇ ਕਿਸਾਨਾਂ ਤੋਂ ਸਾਲਾਨਾ ਐੱਮ. ਐੱਸ. ਪੀ ਨੂੰ 'ਤੇ 60 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਝੋਨਾ ਅਤੇ ਕਣਕ ਖਰੀਦਦੀਆਂ ਹਨ। 'ਦ ਕਮਿਸ਼ਨ ਫਾਰ ਐਗਰੀਕਲਚਰ ਕੋਸਟ ਐਂਡ ਪ੍ਰਾਈਜ਼' (ਸੀ. ਏ. ਸੀ. ਪੀ.) ਜੋ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਤੈਅ ਕਰਦਾ ਹੈ, ਅਨੁਸਾਰ ਇਹ ਖਰੀਦ ਕੀਮਤ ਉਤਪਾਦਨ ਦੀ ਔਸਤ ਲਾਗਤ ਨਾਲੋਂ ਲਗਭਗ 50 ਫੀਸਦੀ ਵੱਧ ਹੈ, ਜਿਸ ਨੂੰ ਲੋਕਪ੍ਰਿਯ ਰੂਪ ਵਿਚ ਐੱਮ. ਐੱਸ. ਸਵਾਮੀਨਾਥਨ ਦੇ ਸੀ2+50 ਫੀਸਦੀ ਦੇ ਫਾਰਮੂਲੇ ਵਜੋਂ ਜਾਣਿਆ ਜਾਂਦਾ ਹੈ। ਇਸ ਤੋਂ ਇਲਾਵਾ ਕਿਸਾਨ ਜਿੰਨੀ ਕਣਕ ਅਤੇ ਝੋਨਾ ਵੇਚਣਾ ਚਾਹੁੰਦੇ ਹਨ, ਕੇਂਦਰ ਉਹ ਸਾਰੀ ਫਸਲ ਚੁੱਕ ਲੈਂਦਾ ਹੈ ਅਤੇ ਤੁਰੰਤ ਉਸਦਾ ਭੁਗਤਾਨ ਕਰ ਦਿੰਦਾ ਹੈ। ਇਹ ਸੀ2 + 50 ਮੁੱਲ ਅਤੇ 'ਓਪਨ-ਐਂਡਿਡ' ਖਰੀਦ ਹੋਰ ਫਸਲਾਂ ਲਈ ਜਾਂ ਹੋਰ ਰਾਜਾਂ (ਹਰਿਆਣਾ ਤੋਂ ਇਲਾਵਾ) ਦੇ ਕਿਸਾਨਾਂ ਲਈ ਉਪਲਬਧ ਨਹੀਂ ਹੈ। ਨਤੀਜੇ ਵਜੋਂ ਤੁਲਨਾਤਮਿਕ ਤੌਰ 'ਤੇ ਪੰਜਾਬ 'ਚ ਪ੍ਰਤੀ ਖੇਤੀ ਪਰਿਵਾਰ ਦੀ ਔਸਤ ਮਾਸਿਕ ਆਮਦਨ ਭਾਰਤੀ ਔਸਤ ਨਾਲੋਂ ਢਾਈ ਗੁਣਾ ਵੱਧ ਹੈ।

3. ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਐੱਮ. ਐੱਸ. ਪੀ ਤੈਅ ਕਰਨਾ ਵਿਵਾਦ ਦਾ ਵਿਸ਼ਾ ਬਣ ਸਕਦਾ ਹੈ। ਇਸ ਸਮੇਂ ਐੱਮ. ਐੱਸ. ਪੀ ਨੂੰ ਦੇਸ਼ ਵਿਆਪੀ ਲਾਗਤ ਔਸਤ ਨਾਲ ਤੈਅ ਕੀਤਾ ਜਾਂਦਾ ਹੈ। ਉਦਾਹਰਨ ਵਜੋਂ ਕਣਕ ਲਈ ਐੱਮ. ਐੱਸ. ਪੀ 2275 ਰੁਪਏ ਹੈ। ਪੰਜਾਬ ਲਈ ਸੀ2 ਉਤਪਾਦਨ ਲਾਗਤ 1503 ਰੁਪਏ ਹੈ, ਜਦੋਂ ਕਿ ਛੱਤੀਸਗੜ੍ਹ ਲਈ ਇਹ 1939 ਰੁਪਏ ਹੈ। ਇਸ ਤਰ੍ਹਾਂ ਪੰਜਾਬ ਨੂੰ ਉਤਪਾਦਨ ਦੀ ਸੀ2 ਲਾਗਤ ਨਾਲੋਂ 51.36 ਫੀਸਦੀ ਵੱਧ ਅਤੇ ਛੱਤੀਸਗੜ੍ਹ ਨੂੰ 17.33 ਫੀਸਦੀ ਵੱਧ ਮੁੱਲ ਪ੍ਰਾਪਤ ਹੁੰਦਾ ਹੈ। ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਐੱਮ. ਐੱਸ. ਪੀ ਵਿਵਸਥਾ 'ਚ ਇਹ ਸੁਭਾਵਿਕ ਹੋਵੇਗਾ ਕਿ 120 ਸੰਸਦੀ ਸੀਟਾਂ ਵਾਲੇ ਬਿਹਾਰ ਅਤੇ ਯੂ. ਪੀ. ਵਰਗੇ ਸੂਬੇ ਆਪਣੇ ਕਿਸਾਨਾਂ ਲਈ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਲਈ ਪ੍ਰਤੀ ਰਾਜ ਐੱਮ. ਐੱਸ. ਪੀ ਹਾਸਿਲ ਕਰਨ 'ਤੇ ਜ਼ੋਰ ਦੇਣਗੇ। ਇਸ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਅੰਦੋਲਨ ਨਾਲ ਕੋਈ ਫਾਇਦਾ ਨਹੀਂ ਹੋਵੇਗਾ, ਕਿਉਂਕਿ ਉਨ੍ਹਾਂ ਨੂੰ ਪਹਿਲਾਂ ਤੋਂ ਹੀ ਮੰਗ ਕੀਤੀ ਜਾ ਰਹੀ ਕੀਮਤ ਤੋਂ ਵੱਧ ਕੀਮਤ ਮਿਲ ਰਹੀ ਹੈ ਅਤੇ ਉਨ੍ਹਾਂ ਦੀ ਪੂਰੀ ਫਸਲ ਦੀ ਖਰੀਦ ਹੋਣ ਨਾਲ ਵੀ ਉਨ੍ਹਾਂ ਨੂੰ ਵਧੇਰੇ ਫਾਇਦਾ ਹੋ ਰਿਹਾ ਹੈ।

4. ਕਿਸੇ ਤਰ੍ਹਾਂ ਇਹ ਮੰਨਿਆ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਐੱਮ. ਐੱਸ. ਪੀ ਲਈ ਬਿੱਲ ਪੇਸ਼ ਕਰੇਗੀ। ਹਾਲਾਂਕਿ ਬਿਹਤਰ ਜਾਣਕਾਰੀ ਰੱਖਣ ਵਾਲੇ ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਤਾਮਿਲਨਾਡੂ ਅਤੇ ਕਰਨਾਟਕ ਵਰਗੇ ਇਸ 'ਤੇ ਸਖਤ ਇਤਰਾਜ਼ ਜਤਾਉਣਗੇ ਅਤੇ ਇਸ ਗੱਲ 'ਤੇ ਜ਼ੋਰ ਦੇਣਗੇ ਕਿ ਇਸ ਲਈ ਫੰਡਾਂ ਦੀ ਵੰਡ ਵਿੱਤ ਕਮਿਸ਼ਨ ਦੇ ਮਾਪਦੰਡਾਂ ਅਨੁਸਾਰ ਇਕੋ ਅਨੁਪਾਤ (ਰਾਜ 41 ਫੀਸਦੀ ਅਤੇ ਕੇਂਦਰ 59 ਫੀਸਦੀ) ਅਨੁਸਾਰ ਕੀਤੀ ਜਾਏ। ਇਹ ਕੋਈ ਨਵੀਂ ਗੱਲ ਨਹੀਂ ਹੈ, ਪਹਿਲਾਂ ਤੋਂ ਹੀ ਕੇਂਦਰ ਵਲੋਂ ਚਲਾਈਆਂ ਜਾ ਰਹੀਆਂ ਸਾਰੀਆਂ ਯੋਜਨਾਵਾਂ ਜਿਵੇਂ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ, ਪਰੰਪਰਾਗਤ ਕ੍ਰਿਸ਼ੀ ਵਿਕਾਸ ਯੋਜਨਾ, ਆਰ. ਕੇ. ਵੀ. ਵਾਈ.-ਆਰ.ਏ.ਐੱਫ.ਟੀ.ਏ.ਏ.ਆਰ. 'ਚ 60:40 ਦਾ ਅਨੁਪਾਤ ਹੈ, ਜਿੱਥੇ ਰਾਜ ਨੇ 40 ਫੀਸਦੀ ਹਿੱਸਾ ਪਾਉਣਾ ਹੁੰਦਾ ਹੈ। ਇਕ ਵਾਰ ਇਹ ਬਣ ਗਿਆ ਤਾਂ ਰਾਜਾਂ ਨੂੰ ਆਪਣਾ ਤੈਅਸ਼ੁਦਾ ਹਿੱਸਾ ਪਾਉਣਾ ਹੀ ਪਵੇਗਾ। ਜੇਕਰ ਇਹ ਸਵੀਕਾਰਿਆ ਨਹੀਂ ਜਾਂਦਾ ਤਾਂ ਵਿੱਤ ਕਮਿਸ਼ਨ ਵਲੋਂ ਕੇਂਦਰੀ ਪੂਲ ਵੀ ਵੰਡ ਕਰਨ 'ਚ ਰਾਜਾਂ ਦੀ ਹਿੱਸੇਦਾਰੀ ਨੂੰ ਚਾਰ ਫੀਸਦੀ ਤੋਂ ਘੱਟ ਕੀਤਾ ਜਾ ਸਕਦਾ ਹੈ। ਅੱਜ, ਪੰਜਾਬ ਦੇ ਕਿਸਾਨਾਂ ਨੂੰ ਰਾਜ ਤੋਂ ਖਰੀਦ ਲਈ ਹਰ ਸਾਲ ਐੱਮ. ਐੱਸ. ਪੀ ਮੁੱਲ ਅਨੁਸਾਰ 60000 ਕਰੋੜ ਰੁਪਏ ਤੋਂ ਵੱਧ ਮਿਲਦੇ ਹਨ। ਰਾਜ ਦੇ ਵਿੱਤੀ ਦਿਵਾਲੀਆਪਨ ਅਤੇ ਸੂਬੇ 'ਤੇ 3.5 ਲੱਖ ਕਰੋੜ ਰੁਪਏ ਦੇ ਕਰਜ਼ੇ ਕਾਰਨ, ਪੰਜਾਬ ਸਰਕਾਰ ਦੇ ਘੱਟ ਵਿੱਤੀ ਸਰੋਤਾਂ ਨਾਲ ਅਜਿਹਾ ਕਰਨ ਦੀ ਕਲਪਨਾ ਕਰਨਾ ਵੀ ਹਾਲ ਦੀ ਘੜੀ ਸੰਭਵ ਨਹੀਂ ਹੋਵੇਗਾ। ਪੰਜਾਬੀ ਆਪਣੀਆਂ ਕੁਰਬਾਨੀਆਂ ਲਈ ਪ੍ਰਸਿੱਧ ਹਨ। ਮੌਜੂਦਾ ਖਰੀਦ ਵਿਵਸਥਾ ਨਾਲ ਆਰਥਿਕ ਤੌਰ 'ਤੇ ਲਾਭ ਹਾਸਿਲ ਕਰਨ ਵਾਲੇ ਪੰਜਾਬ ਦੇ ਕਿਸਾਨ ਅੰਦੋਲਨ ਕਰ ਰਹੇ ਹਨ ਤਾਂ ਅਸਲ 'ਚ ਉਨ੍ਹਾਂ ਨੂੰ ਨੁਕਸਾਨ ਹੋਵੇਗਾ। ਬਿਨਾਂ ਸ਼ੱਕ ਉਹ ਪੰਜਾਬ ਦੇ ਮੁੱਖ ਮੰਤਰੀ ਵਲੋਂ ਪ੍ਰਸਤਾਵਿਤ ਅਤੇ ਜਿਸ 'ਤੇ ਕੇਂਦਰ ਸਰਕਾਰ ਵਲੋਂ ਵੀ ਸਹਿਮਤੀ ਦਿੱਤੀ ਗਈ ਹੈ, ਬਦਲਵੀਆਂ ਫਸਲਾਂ ਲਈ ਖੇਤੀ ਕਰਾਰਾਂ ਤੋਂ ਵੀ ਬਿਹਤਰ ਦੇ ਹੱਕਦਾਰ ਹਨ, ਪਰ ਮੈਂ ਕਿਸਾਨ ਯੂਨੀਅਨ ਨੇਤਾਵਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਐੱਮ. ਐੱਸ. ਪੀ ਦੇ ਸਾਰੇ ਪਹਿਲੂਆਂ ਨੂੰ ਪੰਜਾਬ ਦੇ ਵਿਸ਼ੇਸ਼ ਸੰਦਰਭ 'ਚ ਫਿਰ ਤੋਂ ਦੇਖਣ।


ਅਖੀਰ 'ਚ ਹਰ ਚਰਚਾ 'ਚੋਂ ਗਾਇਬ ਸਭ ਤੋਂ ਮਹੱਤਵਪੂਰਨ ਬਿੰਦੂ ਇਹ ਹੈ ਕਿ ਪੰਜਾਬ 'ਚ 90 ਫੀਸਦੀ ਕਿਸਾਨ ਬੇਜ਼ਮੀਨੇ ਮਜ਼ਦੂਰ, ਦਰਮਿਆਨੇ ਅਤੇ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਵੇਚਣ ਲਈ ਜਾਂ ਤਾਂ ਕੋਈ ਉਪਜ ਨਹੀਂ ਹੈ ਜਾਂ ਵੇਚਣ ਲਈ ਬਹੁਤ ਘੱਟ ਫਸਲ ਬਚਦੀ ਹੈ।

ਇਸ ਲਈ ਸੀ.2+50 ਫੀਸਦੀ ਐਮ. ਐਸ. ਪੀ. ਮੁੱਲ 'ਤੇ ਐਮ. ਐਸ. ਪੀ. ਦੀ ਕਾਨੂੰਨੀ ਗਾਰੰਟੀ ਵੀ ਉਨ੍ਹਾਂ ਨੂੰ ਆਪਣੇ ਪੇਸ਼ੇ ਨਾਲ ਸਨਮਾਨਜਨਕ ਜ਼ਿੰਦਗੀ ਜਿਊਣ ਲਈ ਪੂਰੀ ਆਮਦਨ ਨਹੀਂ ਦੇਵੇਗੀ। ਫਿਰ ਪ੍ਰਾਸੰਗਿਕ ਸਵਾਲ ਇਹ ਉੱਠਦਾ ਹੈ ਕਿ ਕਿਸਾਨ ਜਥੇਬੰਦੀਆਂ ਕਿਸਾਨਾਂ ਦੀ ਮੁਕਤੀ ਲਈ ਐਮ. ਐਸ. ਪੀ. ਤੋਂ ਅੱਗੇ ਕਿਉਂ ਨਹੀਂ ਦੇਖਦੀਆਂ? ਪੰਜਾਬ ਦੇ ਕਿਸਾਨਾਂ ਨੂੰ ਝੋਨੇ ਤੋਂ ਬਦਲਵੀਆਂ ਫਸਲਾਂ ਵੱਲ ਲਿਆਉਣ ਦੀ ਸਖਤ ਜ਼ਰੂਰਤ ਹੈ। ਇਸ ਤੋਂ ਪਹਿਲਾਂ ਕਿ ਅਸੀਂ ਕੁਝ ਹੋਰ ਪੀੜ੍ਹੀਆਂ ਗੁਆ ਬੈਠੀਏ ਐਮ. ਐਸ. ਪੀ. ਦੇ ਨਾਲ-ਨਾਲ ਸਰਕਾਰ ਦੀ ਕੁਝ ਹੋਰ ਤਰ੍ਹਾਂ ਦੀ ਦਖਲਅੰਦਾਜ਼ੀ ਦੇ ਸਹੀ ਸੁਮੇਲ ਨੂੰ ਨਿਰਧਾਰਤ ਕਰਨ ਦੀ ਜ਼ਰੂਰਤ ਹੈ।

# ਵਧੇਰੇ ਆਮਦਨੀ ਲਈ ਸੋਇਆਬੀਨ ਦੀ ਪ੍ਰੋਸੈਸਿੰਗ ਅਤੇ ਮੁੱਲ ਵਾਧਾ

**ਜਸਪ੍ਰੀਤ ਕੌਰ, ਅਰਸ਼ਦੀਪ ਸਿੰਘ ਅਤੇ ਹਨੂੰਮਾਨ ਬੋਬੜੇ,**
**ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋ.99151-41584)

ਸੋਇਆਬੀਨ ਨੂੰ ''ਗੋਲਡਨ ਬੀਨ'' ਜਾਂ ''ਮਿਰਾਕਲ ਬੀਨ'' ਕਿਹਾ ਜਾਂਦਾ ਹੈ। ਵਿਸ਼ਵ ਭਰ ਵਿਚ ਪ੍ਰਸਿੱਧ ਇਹ ਖੁਰਾਕ ਪ੍ਰੋਟੀਨ ਅਤੇ ਤੇਲ ਦਾ ਇਕ ਮਹੱਤਵਪੂਰਨ ਸਰੋਤ ਹੈ। ਦੁਨੀਆਂ ਦੇ ਸੋਇਆਬੀਨ ਉਤਪਾਦਨ ਦਾ ਲਗਭਗ 49% ਦੱਖਣੀ ਅਮਰੀਕੀ ਦੇਸ਼ਾਂ ਦਾ ਹੈ। ਭਾਰਤ ਵਿਚ, ਸੋਇਆਬੀਨ ਦਾ ਉਤਪਾਦਨ 12.98 ਮਿਲੀਅਨ ਮੀਟ੍ਰਿਕ ਟਨ ਹੈ ਅਤੇ ਭਾਰਤ ਵਿਚ ਸੋਇਆਬੀਨ ਮੁੱਖ ਤੌਰ 'ਤੇ ਕੇਂਦਰੀ ਅਤੇ ਪੱਛਮੀ ਰਾਜਾਂ ਦੁਆਰਾ ਪੈਦਾ ਕੀਤੀ ਜਾਂਦੀ ਹੈ। ਪੰਜਾਬ ਵਿਚ ਸੋਇਆਬੀਨ



ਫਸਲੀ ਵਿਭਿੰਨਤਾ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਪ੍ਰੋਟੀਨ ਅਤੇ ਤੇਲ ਦੀ ਚੰਗੀ ਮਾਤਰਾ ਵਾਲੀਆਂ ਤਿੰਨ ਕਿਸਮਾਂ ਐੱਸ ਐੱਲ-525, ਐੱਸ ਐੱਲ-744, ਐੱਸ ਐੱਲ-958 ਜਾਰੀ ਕੀਤੀਆਂ ਹਨ।

**ਪੋਸ਼ਣ ਸੰਬੰਧੀ ਲਾਭ** : ਸੋਇਆਬੀਨ ਆਪਣੇ ਪੌਸ਼ਟਿਕ ਮੁੱਲ ਲਈ ਮਸ਼ਹੂਰ ਹੈ, ਇਸ ਵਿਚ ਲਗਭਗ 40 ਪ੍ਰਤੀਸ਼ਤ ਪ੍ਰੋਟੀਨ ਅਤੇ ਲਗਭਗ 20 ਪ੍ਰਤੀਸ਼ਤ ਤੇਲ ਹੁੰਦਾ ਹੈ। ਇਹ ਉੱਚ-ਗੁਣਵੱਤਾ ਪ੍ਰੋਟੀਨ ਦਾ ਇਕ ਕਿਫਾਇਤੀ ਸਰੋਤ ਹੈ ਅਤੇ ਇਸ ਵਿਚ ਸਾਰੇ ਜ਼ਰੂਰੀ ਅਮੀਨੋ ਐਸਿਡ ਹੁੰਦੇ ਹਨ। ਇਸਨੂੰ ਸ਼ਾਕਾਹਾਰੀ ਮੀਟ ਵੀ ਕਿਹਾ ਜਾਂਦਾ ਹੈ। ਸੋਇਆਬੀਨ ਦਾ ਤੇਲ ਜ਼ਿਆਦਾਤਰ ਅਨਸੈਚੂਰੇਟਡ ਫੈਟੀ ਐਸਿਡ ਜਿਵੇ ਕਿ ਲਿਨੋਲਿਕ ਐਸਿਡ ਅਤੇ ਲਿਨੋਲੇਨਿਕ ਐਸਿਡ ਦਾ ਬਣਿਆ ਹੁੰਦਾ ਹੈ ਜੋ ਮਨੁੱਖੀ ਪੋਸ਼ਣ ਅਤੇ ਚੰਗੀ ਸਿਹਤ ਨੂੰ ਬਣਾਈ ਰੱਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਤੋਂ ਇਲਾਵਾ, ਸੋਇਆਬੀਨ ਖੁਰਾਕ ਫਾਈਬਰ, ਵਿਟਾਮਿਨ, ਖਣਿਜ ਅਤੇ ਫਾਈਟੋਕੈਮੀਕਲ ਜਿਵੇ ਕਿ ਆਈਸੋਫਲਾਵੋਨਸ ਅਤੇ ਫਾਈਟੋਸਟੇਰੋਲ ਦਾ ਇੱਕ ਭਰਪੂਰ ਸਰੋਤ ਹੈ। ਅਧਿਐਨਾਂ ਨੇ ਦਿਖਾਇਆ ਹੈ ਕਿ ਸੋਇਆਬੀਨ ਦਾ ਨਿਯਮਤ ਸੇਵਨ ਦਿਲ ਦੀਆਂ ਬਿਮਾਰੀਆਂ, ਕੈਂਸਰ, ਓਸਟੀਓਪੋਰੋਸਿਸ, ਸ਼ੂਗਰ ਅਤੇ ਮਨੁੱਖੀ ਸਰੀਰ ਦੀਆਂ ਕਈ ਹੋਰ ਬਿਮਾਰੀਆਂ ਨੂੰ ਰੋਕਣ ਵਿਚ ਮਦਦ ਕਰ ਸਕਦਾ ਹੈ। ਇਹਨਾਂ ਫਾਇਦਿਆਂ ਦੇ ਕਾਰਨ, ਸੋਇਆਬੀਨ ਅਧਾਰਿਤ ਭੋਜਨ, ਸਿਹਤਮੰਦਾਂ ਲਈ ਇੱਕ ਢੁੱਕਵਾਂ ਬਦਲ ਬਣ ਗਿਆ ਹੈ।

**ਸੋਇਆ ਮਿਲਕ/ਦੁੱਧ** : ਸੋਇਆ ਦੁੱਧ ਸੋਇਆਬੀਨ ਤੋਂ ਬਣਿਆ ਇਕ ਲੈਕਟੋਜ਼-ਮੁਕਤ ਪੀਣ ਵਾਲਾ ਪਦਾਰਥ ਹੈ। ਇਹ ਕੋਲੈਸਟ੍ਰੋਲ, ਗਲੂਟਨ ਅਤੇ ਚਰਬੀ ਤੋਂ ਪੂਰੀ ਤਰ੍ਹਾਂ ਮੁਕਤ ਹੈ। ਸੋਇਆ ਮਿਲਕ ਦੀ ਪ੍ਰੋਟੀਨ ਸਮੱਗਰੀ ਲਗਭਗ ਗਾਂ ਦੇ ਦੁੱਧ ਦੇ ਬਰਾਬਰ ਹੁੰਦੀ ਹੈ। ਇਸ ਤੋਂ ਇਲਾਵਾ, ਇਸ ਵਿਚ ਫਾਈਬਰ, ਖਣਿਜ ਅਤੇ ਵਿਟਾਮਿਨ ਵੀ ਹੁੰਦੇ ਹਨ। ਸੋਇਆ ਮਿਲਕ ਦੀ ਤਿਆਰੀ ਲਈ ਵਿਧੀ, ਰੇਖਾ ਚਿੱਤਰ 1 ਦੇ ਰੂਪ ਵਿਚ ਦਿੱਤੀ ਗਈ ਹੈ। ਇਸ ਦੁੱਧ ਨੂੰ ਜੀਵਾਣੂੰ ਰਹਿਤ ਕਰਨ ਲਈ ਪੇਸਚਰਾਈਜ਼ ਕੀਤਾ ਜਾਣਾ ਚਾਹੀਦਾ ਹੈ। ਕੁਝ ਲੋਕਾਂ ਨੂੰ ਸੋਇਆ ਮਿਲਕ ਦੇ ਸੁਆਦ ਦੇ ਕਾਰਨ ਇਹ ਪਸੰਦ ਨਹੀਂ ਆਉਂਦਾ। ਜਦਕਿ, ਸੋਇਆ ਦੁੱਧ ਦੀ ਗੁਣਵੱਤਾ ਨੂੰ ਡੇਅਰੀ ਦੁੱਧ ਅਤੇ ਫਲਾਂ ਦੇ ਗੁੱਦੇ ਜਿਵੇਂ ਅੰਬ, ਆੜੂ ਅਤੇ ਅਮਰੂਦ ਨਾਲ ਖੰਡ, ਸੁਆਦਾਂ ਅਤੇ ਰੰਗਾਂ ਨੂੰ ਮਿਲਾ ਕੇ ਸੁਧਾਰਿਆ ਜਾ ਸਕਦਾ ਹੈ। ਸੋਇਆ ਦੁੱਧ ਪੀਣ ਵਾਲੇ ਪੌਸ਼ਟਿਕ ਪਦਾਰਥਾਂ ਦੇ ਰੂਪ ਵਿਚ ਬਜ਼ਾਰ ਵਿਚ ਬਹੁਤ ਜ਼ਿਆਦਾ ਮੰਗ ਰੱਖਦੇ ਹਨ।

ਸੋਇਆਬੀਨ
↓
3 ਤੋਂ 4 ਵਾਰ ਧੋਵੋ
↓
ਪਾਣੀ ਵਿਚ ਭਿਓ ਦਿਓ
↓
ਹੱਥਾਂ ਨਾਲ ਮਸਲ ਕੇ ਛਿੱਲਕਾ ਹਟਾਓ
↓
ਚੰਗੀ ਤਰ੍ਹਾਂ ਸਾਫ ਕਰੋ
↓
ਗਰਮ ਪਾਣੀ ਪਾ ਕੇ
ਨਾਲ ਪੀਸ ਲਓ (1:7)
↓
ਸੋਇਆ ਮਿਲਕ + ਓਕਾਰਾ
↓
ਛਾਣ ਲਓ/ਫਿਲਟਰ ਕਰੋ
↓
ਸੋਇਆ ਮਿਲਕ
80°C ਤੱਕ ਗਰਮ ਕਰੋ
↓
ਸਿਟਰਿਕ ਐਸਿਡ
(2% ਘੋਲ) ਨੂੰ ਮਿਲਾਓ
↓
ਪਾੜੇ ਹੋਏ ਸੋਇਆ ਮਿਲਕ ਨੂੰ ਛਾਣੋ
↓
ਫਿਲਟਰ ਪ੍ਰੈਸ ਦੀ ਵਰਤੋਂ ਕਰਕੇ ਦਬਾਓ
↓
ਟੋਫੂ/ਸੋਇਆ ਪਨੀਰ

**ਟੋਫੂ/ਸੋਇਆ ਪਨੀਰ** : ਟੋਫੂ ਸੋਇਆ ਉਤਪਾਦ ਹੈ ਜੋ ਰੰਗ ਅਤੇ ਬਣਤਰ ਵਿਚ ਪਨੀਰ ਵਰਗਾ ਹੁੰਦਾ ਹੈ। ਟੋਫੂ ਪਨੀਰ, ਅਸੰਤ੍ਰਿਪਤ ਚਰਬੀ ਅਤੇ ਫਾਈਬਰ ਦੀ ਇੱਕ ਵਧੀਆ ਸਰੋਤ ਹੈ। ਇਹ ਵਿਟਾਮਿਨ ਬੀ1 ਅਤੇ ਬੀ2, ਸੋਡੀਅਮ ਅਤੇ ਆਇਰਨ ਦਾ ਵੀ ਚੰਗਾ ਸਰੋਤ ਹੈ। ਟੋਫੂ ਦੀ ਤਿਆਰੀ ਲਈ ਆਮ ਕਦਮ ਰੇਖਾ ਚਿਤਰ 1 ਵਿਚ ਦਿੱਤੇ ਗਏ ਹਨ। ਟੋਫੂ ਤਿਆਰ ਕਰਨ ਲਈ ਸੋਇਆ ਮਿਲਕ ਨੂੰ 80°C ਤੱਕ ਗਰਮ ਕਰਕੇ ਇਸ ਵਿਚ ਸਿਟਰਿਕ ਐਸਿਡ (2% ਘੋਲ) ਨੂੰ ਮਿਲਾ ਕੇ ਸੋਇਆ ਮਿਲਕ ਪਾੜ ਕੇ ਤਿਆਰ ਕੀਤਾ ਜਾਂਦਾ ਹੈ। ਪ੍ਰਾਪਤ ਕੀਤੇ ਕੋਗੂਲਮ (ਪਾੜੇ ਹੋਏ ਸੋਇਆ ਮਿਲਕ) ਨੂੰ ਫਿਲਟਰ ਪ੍ਰੈਸ ਦੀ ਵਰਤੋਂ ਕਰਕੇ ਦਬਾਇਆ ਜਾਂਦਾ ਹੈ। ਟੋਫੂ ਨੂੰ ਸੁਆਦ ਬਣਾਉਣ ਲਈ ਲੂਣ ਅਤੇ ਮਸਾਲੇ ਜਿਵੇਂ ਪੁਦੀਨੇ ਦੇ ਪੱਤੇ, ਧਨੀਆ, ਜੀਰਾ, ਕਾਲੀ ਮਿਰਚ ਆਦਿ ਮਿਲਾ ਕੇ ਤਿਆਰ ਕੀਤਾ ਜਾ ਸਕਦਾ ਹੈ। ਟੋਫੂ ਨੂੰ ਮਟਰ, ਪਾਲਕ ਪਨੀਰ ਆਦਿ ਵਰਗੇ ਪਕਵਾਨਾਂ ਅਤੇ ਪਨੀਰ ਦੇ ਸਨੈਕਸ ਵਿਚ ਵਰਤਿਆ ਜਾ ਸਕਦਾ ਹੈ। ਟੋਫੂ ਨੂੰ ਪੈਕ ਕਰਕੇ ਫਰਿੱਜ ਦੇ ਤਾਪਮਾਨ 'ਤੇ ਸਟੋਰ ਕੀਤਾ ਜਾ ਸਕਦਾ ਹੈ।

**ਸੋਇਆ ਨੱਟਸ ਸਨੈਕ** : ਸੋਇਆ ਨੱਟਸ ਸਨੈਕ ਸੋਇਆਬੀਨ ਤੋਂ ਤਿਆਰ ਕੀਤਾ ਗਿਆ ਇੱਕ ਸਿਹਤਮੰਦ, ਸੁਆਦੀ ਸਨੈਕ ਹੈ। ਇਹ ਪ੍ਰੋਟੀਨ, ਫਾਈਬਰ ਅਤੇ ਆਈਸੋਫਲਾਵੋਨਸ ਨਾਲ ਭਰਪੂਰ ਹੁੰਦੇ ਹਨ। ਸੋਇਆ ਨੱਟਸ ਸਨੈਕ ਬਣਾਉਣ ਲਈ ਸੋਇਆਬੀਨ ਨੂੰ 1-2 ਘੰਟਿਆਂ ਲਈ ਭਿਉਂ ਕੇ ਲਗਭਗ 190°C 'ਤੇ ਰੇਤ ਜਾਂ ਓਵਨ ਵਿੱਚ ਪਕਾ ਕੇ ਤਿਆਰ ਕੀਤਾ ਜਾਂਦਾ ਹੈ ਜਦੋਂ ਤੱਕ ਉਹ ਕਰਿਸਪੀ ਨਹੀਂ ਹੋ ਜਾਂਦੇ। ਸੋਇਆ ਨੱਟਸ ਸਨੈਕ ਪੱਕਣ ਤੋਂ ਬਾਅਦ ਇਕ ਸੁਹਾਵਣਾ ਭੁੰਨਿਆ ਸੁਆਦ ਅਤੇ ਹਲਕਾ ਭੂਰਾ ਰੰਗ ਦਿੰਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਨੂੰ ਨਮਕ, ਤੇਲ ਅਤੇ ਮਸਾਲਿਆਂ ਦੀ ਵਰਤੋਂ ਕਰਕੇ ਸੁਆਦਲਾ ਬਣਾਇਆ ਜਾ ਸਕਦਾ ਹੈ। ਇਸ ਸਿਹਤਮੰਦ ਸਨੈਕ ਨੂੰ ਕਮਰੇ ਦੇ ਤਾਪਮਾਨ 'ਤੇ ਏਅਰ ਟਾਈਟ ਕੰਟੇਨਰ ਵਿਚ ਸਟੋਰ ਕੀਤਾ ਜਾ ਸਕਦਾ ਹੈ। ਅੱਗੇ ਇਹਨਾਂ ਨੂੰ ਜਾਰ ਜਾਂ ਪਾਊਚਾਂ ਵਿਚ ਪੈਕ ਕੀਤਾ ਜਾ ਸਕਦਾ ਹੈ ਅਤੇ ਮੰਡੀਕਰਨ ਕੀਤਾ ਜਾ ਸਕਦਾ ਹੈ।

**ਛੋਟੇ ਪੈਮਾਨੇ ਤੇ ਸੋਇਆ ਪ੍ਰੋਸੈਸਿੰਗ ਦੀ ਇਕਾਈ ਦੀ ਸਥਾਪਨਾ** : ਕਿਸਾਨਾਂ ਦੀ ਆਕਰਸ਼ਕ ਵਾਧੂ ਆਮਦਨ ਲਈ ਸੋਇਆ ਪ੍ਰੋਸੈਸਿੰਗ ਨੂੰ ਆਸਾਨੀ ਨਾਲ ਖੇਤੀ ਨਾਲ ਜੋੜਿਆ ਜਾ ਸਕਦਾ ਹੈ। ਸੋਇਆ ਮਿਲਕ ਅਤੇ ਟੋਫੂ ਲਈ ਇਕ ਪ੍ਰੋਸੈਸਿੰਗ ਪਲਾਂਟ ਵਿਚ ਛੋਟੇ ਪੈਮਾਨੇ 'ਤੇ ਵੀ ਮੁਨਾਫਾ ਕਮਾਉਣ ਦੀ ਅਥਾਹ ਸੰਭਾਵਨਾ ਹੈ। ਸੋਇਆ ਦੁੱਧ ਦੀ ਪ੍ਰੋਸੈਸਿੰਗ ਲਈ ਮਸ਼ੀਨਾਂ ਸਥਾਨਕ ਤੌਰ 'ਤੇ ਪਰਿਵਰਤਨਸ਼ੀਲ ਸਮਰੱਥਾਵਾਂ ਅਤੇ ਕੀਮਤਾਂ 'ਤੇ ਉਪਲਬਧ ਹਨ। ਇਸ ਤੋਂ ਇਲਾਵਾ ਟੋਫੂ ਨੂੰ ਦਬਾਉਣ, ਸੋਇਆ ਨੱਟਸ ਸਨੈਕ ਨੂੰ ਪਕਾਉਣ ਅਤੇ ਉਤਪਾਦਾਂ ਦੀ ਪੈਕਿੰਗ ਲਈ ਮਸ਼ੀਨਰੀ ਵੀ ਉਪਲਬਧ ਹਨ। ਸੋਇਆ ਪ੍ਰੋਸੈਸਿੰਗ ਇਕ ਲਾਭਦਾਇਕ ਉੱਦਮ ਹੈ। ਸੋਇਆਬੀਨ ਤੋਂ ਬਹੁਤ ਸਾਰੇ ਨਵੇਂ ਉਤਪਾਦਾਂ ਦੇ ਨਿਰਮਾਣ ਲਈ ਤਕਨੀਕੀ ਮਾਰਗਦਰਸ਼ਨ ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਚ ਉਪਲਬਧ ਹੈ।

# ਕੁਦਰਤੀ ਖੇਤੀ ਨੂੰ ਅਪਨਾਉਣ ਵਾਲਾ ਮਾਝੇ ਦਾ ਸੂਝਵਾਨ ਕਿਸਾਨ : ਸ. ਸਰਬਜੀਤ ਸਿੰਘ

ਮਾਝੇ ਦੇ ਗੁਰਦਾਸਪੁਰ ਜ਼ਿਲ੍ਹੇ ਦਾ ਇੱਕ ਅਗਾਂਹਵਧੂ ਕਿਸਾਨ ਸ. ਸਰਬਜੀਤ ਸਿੰਘ (ਪਿੰਡ ਝੰਡਾ ਲੁਬਾਣਾ) ਇਸ ਅਸਰ ਦੀ ਇੱਕ ਸੋਹਣੀ ਮਿਸਾਲ ਹੈ। ਇਹਨਾਂ ਨੇ ਬੀ. ਏ., ਬੀ. ਐੱਡ. ਦੀ ਪੜ੍ਹਾਈ ਕੀਤੀ ਹੋਈ ਹੈ ਅਤੇ ਫੌਜ ਵਿਚੋਂ ਤਕਰੀਬਨ 30 ਸਾਲ ਦੀ ਸੇਵਾ ਕਰਕੇ ਸੰਨ 2009 ਵਿਚ ਸੂਬੇਦਾਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ ਹਨ। ਸੇਵਾ-ਮੁਕਤ ਹੋਣ ਪਿਛੋਂ ਇਹਨਾਂ ਨੇ 5.0 ਏਕੜ ਰਕਬੇ ਤੇ ਰਵਾਇਤੀ ਖੇਤੀ ਕਰਨੀ ਸ਼ੁਰੂ ਕਰ ਦਿੱਤੀ।

ਜੈਵਿਕ ਖੇਤੀ ਵਿੱਚ ਇਹਨਾਂ ਦਾ ਕੋਈ ਬਹੁਤਾ ਤਜਰਬਾ ਨਹੀਂ ਸੀ। ਇਸ ਲਈ ਉਹਨਾਂ ਨੇ ਖੇਤੀਬਾੜੀ ਮਾਹਿਰਾਂ ਦੀ ਸਲਾਹ ਰਾਹੀਂ ਕ੍ਰਿਸ਼ੀ ਵਿਗਿਆਨ ਕੇਂਦਰ, ਗੁਰਦਾਸਪੁਰ ਵਿਖੇ ਆਯੋਜਿਤ ਕੀਤੇ ਜਾਂਦੇ ਸਿਖਲਾਈ ਪ੍ਰੋਗਰਾਮਾਂ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਅਤੇ ਖੇਤੀ ਗਿਆਨ ਹਾਸਿਲ ਕਰਨ ਦੀ ਉਤਸੁਕਤਾ ਹੋਣ ਕਰਕੇ ਉਸਨੇ ਖੇਤੀ ਸਾਹਿਤ ਜਿਵੇਂ ਕਿ ਚੰਗੀ ਖੇਤੀ ਅਤੇ ਹਾੜ੍ਹੀ-ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਸਬੰਧੀ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਵੱਧ ਤੋਂ ਵੱਧ ਸਿੱਖਣ ਦੇ ਸ਼ੌਂਕ ਕਰਕੇ ਉਹਨਾਂ ਨੇ ਜੈਵਿਕ ਖੇਤੀ ਨਾਲ ਸੰਬੰਧਿਤ ਸੰਸਥਾਵਾਂ ਨਾਲ ਤਾਲਮੇਲ ਰੱਖਣਾ ਸ਼ੁਰੂ ਕਰ ਦਿੱਤਾ। ਫਸਲਾਂ ਦੇ ਕੀਟ ਪਤੰਗਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਉਸਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਸਿਫਾਰਿਸ਼ ਕੀਤੇ ਗਏ ਢੰਗ ਜਿਵੇਂ ਕਿ ਟਰਾਈਕੋਕਾਰਡ, ਟਰਾਈਕੋਗਰਾਮਾਂ, ਫਰੂਟ ਫਲਾਈ ਟਰੈਪ, ਪੀਲੇ ਚੇਪੂ ਕਾਰਡ, ਨਿੰਮ ਦਾ ਘੋਲ ਆਦਿ ਵਰਤਣਾ ਸ਼ੁਰੂ ਕਰ ਦਿੱਤਾ ਹੈ।

**ਫਸਲੀ ਵਿਭਿੰਨਤਾ** : ਜੈਵਿਕ ਖੇਤੀ ਦੇ ਨਾਲ-ਨਾਲ ਸਰਬਜੀਤ ਜੀ ਨੇ ਫਸਲੀ ਵਿਭਿੰਨਤਾ ਨੂੰ ਵੀ ਅਪਨਾਉਣਾ ਸ਼ੁਰੂ ਕੀਤਾ ਅਤੇ ਹੁਣ ਉਹ ਆਪਣੇ ਖੇਤਾਂ ਵਿਚ ਸਾਉਣੀ ਰੁੱਤ ਵਿਚ ਬਾਸਮਤੀ, ਹਲਦੀ, ਕਮਾਦ, ਤਿਲ, ਹਰਾ ਚਾਰਾ, ਹੋਰ ਅਨਾਜ (ਕੋਧਰਾ, ਕੰਗਣੀ, ਰਾਗੀ, ਕੁਟਕੀ) ਉਗਾਉਂਦੇ ਹਨ ਅਤੇ ਹਾੜ੍ਹੀ ਵਿਚ ਕਣਕ, ਗੋਭੀ ਸਰ੍ਹੋਂ, ਛੋਲੇ, ਮਸਰ, ਅਲਸੀ, ਬਰਸੀਮ, ਜਵੀ, ਆਦਿ ਉਗਾਉਂਦੇ ਹਨ। ਇਸ ਤੋਂ ਇਲਾਵਾ ਗਰਮ ਰੁੱਤ ਵਿਚ ਮਾਂਹ ਦੀ ਕਾਸ਼ਤ ਵੀ ਕਰਦੇ ਹਨ। ਕਣਕ ਦੀਆਂ ਦੇਸੀ ਕਿਸਮਾਂ ਦੀ ਸ਼ੁਰੂਆਤ ਉਹਨਾਂ ਨੇ ਮੱਧ ਪ੍ਰਦੇਸ਼ ਦੇ ਬਣੇ ਮਿੱਤਰ (ਰਾਜ ਕੁਮਾਰ) ਤੋਂ ਬੀਜ ਲੈ ਕੇ ਕੀਤੀ ਜੋ ਕਿ ਉਹਨਾਂ ਨੂੰ ਦਿੱਲੀ (ਆਈ. ਏ. ਆਰ. ਆਈ.) ਕਿਸਾਨ ਮੇਲੇ ਵਿਚ ਮਿਲੇ ਸਨ।

**ਪਸ਼ੂ ਪਾਲਣ** : ਅਜੋਕੇ ਸਮੇਂ ਵਿਚ ਇਹਨਾਂ ਕੋਲ 6 ਦੇਸੀ ਗਾਵਾਂ ਅਤੇ 6 ਵਹਿੜੀਆਂ ਹਨ, ਜਿਨ੍ਹਾਂ ਵਿਚ ਸਾਹੀਵਾਲ ਅਤੇ ਗੀਰ ਕਿਸਮਾਂ ਮੁੱਖ ਹਨ। ਇਨ੍ਹਾਂ ਤੋਂ ਉਹ ਘਰੇਲੂ ਵਰਤੋਂ ਲਈ ਦੁੱਧ ਦਾ ਉਤਪਾਦਨ ਕਰਦਾ ਹੈ ਅਤੇ ਵਾਧੂ ਦੁੱਧ ਉਹ ਪਿੰਡ ਵਿਚ ਵੇਚ ਦਿੰਦਾ ਹੈ। ਉਸਦੇ ਅਨੁਸਾਰ ਦੇਸੀ ਗਾਵਾਂ ਦਾ ਦੁੱਧ ਅਤੇ ਘਿਓ ਸਿਹਤ ਲਈ ਬਹੁਤ ਲਾਹੇਵੰਦ ਹੈ ਜੋ ਕਿ ਕਈ ਤਰ੍ਹਾਂ ਦੀਆਂ ਮਨੁੱਖੀ ਬੀਮਾਰੀਆਂ ਨੂੰ ਦੂਰ ਕਰਦਾ ਹੈ ਜਿਸ ਕਾਰਨ ਦੇਸੀ ਗਾਵਾਂ ਦਾ ਬਹੁਤ ਰੁਝਾਨ ਵੱਧ ਰਿਹਾ ਹੈ। ਇਸ ਕਰਕੇ ਇਸਦੇ ਉਤਪਾਦਾਂ ਦੀ ਮੰਗ ਬਹੁਤ ਵੱਧ ਗਈ ਹੈ। ਪਸ਼ੂਆਂ ਦੇ ਗੋਬਰ ਤੋਂ ਰੂੜੀ ਬਣਾ ਕੇ ਅਤੇ ਫਸਲੀ ਰਹਿੰਦ ਖੂੰਹਦ ਨੂੰ ਖੇਤ ਵਿਚ ਰਲਾ ਕੇ ਖਾਦ ਦੀ ਪੂਰਤੀ ਵੀ ਕਰਦੇ ਹਨ।

**ਮੰਡੀਕਰਨ** : ਸ. ਸਰਬਜੀਤ ਸਿੰਘ ਜੀ ਆਪਣੇ ਸਮਾਨ ਦੀ ਆਪ ਪੈਕਿੰਗ ਅਤੇ ਲੇਬਲਿੰਗ ਕਰਕੇ ਐਫ. ਪੀ ਸੀ. ਦੇ ਅਧੀਨ ਹੀ ਮੰਡੀਕਰਨ ਕਰਦੇ ਹਨ। ਇਸ ਤੋਂ ਇਲਾਵਾ ਉਹ ਪੀ.ਏ.ਯੂ. ਦੇ ਕਿਸਾਨ ਮੇਲਿਆਂ, ਖੇਤੀਬਾੜੀ ਵਿਭਾਗ ਦੇ ਜਿਲ੍ਹਾ ਪੱਧਰੀ ਕਿਸਾਨ ਮੇਲੇ, ਕਿਸਾਨ ਹੱਟ ਕਾਹਨੂੰਵਾਨ, ਕਿਸਾਨ ਬਾਜ਼ਾਰ ਗੁਰਦਾਸਪੁਰ, ਅੰਮ੍ਰਿਤਸਰ ਦੇ ਸੇਲ ਪੁਆਇੰਟਾਂ ਰਾਹੀਂ ਵੀ ਕਾਫੀ ਵਿਕਰੀ ਕਰ ਲੈਂਦੇ ਹਨ ਅਤੇ ਬਹੁਤੇ ਗ੍ਰਾਹਕ ਘਰੋ ਆ ਕੇ ਹੀ ਲੈ ਜਾਂਦੇ ਹਨ।

ਇਹਨਾਂ ਦੇ ਤਜਰਬਿਆਂ ਦੀ ਗੂੰਜ ਨੂੰ ਹੋਰ ਕਿਸਾਨਾਂ ਦੇ ਕੰਨਾਂ ਵਿਚ ਪਵਾਉਣ ਲਈ ਇਹਨਾਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਖੇਤੀਬਾੜੀ ਵਿਭਾਗ ਵਲੋਂ ਆਯੋਜਿਤ ਕੀਤੇ ਸਿਖਲਾਈ ਕੋਰਸਾਂ, ਕੈਂਪਾਂ ਅਤੇ ਕਿਸਾਨ ਮੇਲਿਆਂ ਵਿਚ ਵਿਸ਼ੇਸ਼ ਤੌਰ ਤੇ ਸੱਦਿਆ ਜਾਂਦਾ ਹੈ। ਉਹਨਾਂ ਨੇ ਪੰਜਾਬ ਵਿਚ 150 ਦੇ ਕਰੀਬ ਕਿਸਾਨ ਕੁਦਰਤੀ ਖੇਤੀ ਵਿਰਾਸਤ ਮਿਸ਼ਨ ਨਾਲ ਜੋੜੇ ਹੋਏ ਹਨ ਅਤੇ ਜ਼ਹਿਰ ਮੁਕਤ ਖੇਤੀ ਨੂੰ ਵਧਾਵਾ ਵੀ ਦੇ ਰਹੇ ਹਨ। ਇਹਨਾਂ ਦੇ ਉਦਮ ਕਰਕੇ ਨੇੜਲੇ ਪਿੰਡਾਂ ਦੇ ਕਿਸਾਨਾਂ ਨਾਲ ਮਿਲ ਕੇ ਕੁਦਰਤੀ ਕਿਸਾਨ ਕਲੱਬ ਬਣਾਇਆ ਹੋਇਆ ਹੈ। ਇਹ ਕਿਸਾਨ ''ਗੁਰਦਾਸਪੁਰ ਆਰਗੈਨਿਕ ਪ੍ਰੋਡਿਊਸ ਕੰਪਨੀ'' ਜੋ ਕਿ ਐਫ. ਪੀ. ਸੀ. ਹੈ, ਦਾ ਮੈਂਬਰ ਹੈ ਅਤੇ ਇਹ 'ਪਾਰਟੀਸੀਪੇਟਰੀ ਗਰੰਟੀ ਸਿਸਟਮ ਆਫ ਇੰਡੀਆ' ਵੱਲੋਂ ਸਰਟੀਫਾਈਡ ਕਿਸਾਨ ਹੈ। ਇਹ ਪੀ. ਏ. ਯੂ. ਆਰਗੈਨਿਕ ਕਲੱਬ, ਕ੍ਰਿਸ਼ੀ ਵਿਗਿਆਨ ਕੇਂਦਰ ਗੁਰਦਾਸਪੁਰ ਦੀ ਵਿਗਿਆਨਕ ਸਲਾਹਕਾਰ ਕਮੇਟੀ ਅਤੇ ਖੇਤੀਬਾੜੀ ਬਲਾਕ ਸਲਾਹਕਾਰ ਕਮੇਟੀ ਦਾ ਮੈਂਬਰ ਵੀ ਹਨ। ਇਸ ਤੋਂ ਇਲਾਵਾ ਇਹ ਖੇਤੀਬਾੜੀ ਵਿਭਾਗ ਦੀ ਆਤਮਾ ਸਕੀਮ ਤਹਿਤ ਕਿਸਾਨ ਐਡਵਾਇਜ਼ਰੀ ਕਮੇਟੀ ਦੇ ਮੈਂਬਰ, ਕਿਸਾਨ ਮਿੱਤਰ, ਬਾਗਬਾਨੀ ਵਿਭਾਗ, ਆਰਗੈਨਿਕ ਫਾਰਮਿੰਗ ਐਸੋਸੀਏਸ਼ਨ, ਕਿਸਾਨ ਯੂਨੀਅਨ, ਮਾਨਾਂਵਾਲਾ ਅੰਮ੍ਰਿਤਸਰ ਪਿੰਗਲਵਾੜੇ ਦੇ ਕੁਦਰਤੀ ਖੇਤੀ ਗਰੁੱਪ ਅਤੇ ਸ਼ੂਗਰ ਮਿੱਲ (ਇੰਡੀਅਨ ਸੁਕਰੋਜ਼ ਲਿਮਿਟਿਡ) ਕਮੇਟੀ ਦੇ ਮੈਂਬਰ ਵੀ ਹਨ। ਕੁਦਰਤੀ ਖੇਤੀ ਵਿਰਾਸਤ ਮਿਸ਼ਨ ਵਲੋਂ ਮੂਲ ਅਨਾਜਾਂ ਦੀ ਖੇਤੀ ਅਤੇ ਪਸ਼ੂ ਧੰਨ ਚੈਂਪੀਅਨਸ਼ਿਪ ਵਲੋਂ ਦੇਸੀ ਗਾਵਾਂ ਲਈ ਸਨਮਾਨਿਕ ਵੀ ਕੀਤੀ ਗਿਆ ਹੈ।

ਪਰਾਲੀ ਪ੍ਰਬੰਧਨ ਬਾਰੇ ਉਹਨਾਂ ਕਿਹਾ ਕਿ ਉਹ ਹਮੇਸ਼ਾਂ ਹੀ ਫਸਲੀ ਰਹਿੰਦ ਨੂੰ ਖੇਤ ਵਿਚ ਹੀ ਰਲਾਉਂਦੇ ਹਨ ਅਤੇ ਪਿਛਲੇ 5 ਸਾਲਾਂ ਤੋਂ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਗਾਈ ਅਤੇ ਕਣਕ ਦੀ ਬਿਜਾਈ ਹੈਪੀ ਸੀਡਰ ਅਤੇ ਸੁਪਰਸੀਡਰ ਨਾਲ ਕਰਦੇ ਹਨ। ਇਸ ਤੋਂ ਇਲਾਵਾ ਪਾਣੀ ਦੀ ਬਚਤ ਲਈ ਝੋਨੇ ਦੀ ਸਿੱਧੀ ਬਿਜਾਈ ਕਰਦੇ ਹਨ। ਸਮੇਂ-ਸਮੇਂ ਤੇ ਉਹ ਆਪਣੀ ਖੇਤਾਂ ਦੀ ਮਿੱਟੀ ਪਰਖ ਵੀ ਕਰਾਉਂਦੇ ਰਹਿੰਦੇ ਹਨ। ਪੰਜਾਬ ਦੀ ਅਜੋਕੀ ਪੀੜ੍ਹੀ ਜਿੱਥੇ ਬਾਹਰ ਜਾਣ ਨੂੰ ਤਰਜੀਹ ਦੇ ਰਹੀ ਹੈ ਉਥੇ ਹੀ ਸ. ਸਰਬਜੀਤ ਸਿੰਘ ਨੇ ਆਪਣੀ ਜ਼ਿੰਦਗੀ ਦੀ ਦੂਜੀ ਪਾਰੀ ਵਿਚ ਖੇਤੀ ਨੂੰ ਅਪਣਾਇਆ ਅਤੇ ਉਹਨਾਂ ਦੀ ਹੱਥੀਂ ਕੰਮ ਕਰਨ ਦੀ ਆਦਤ ਸਾਡੀ ਅੱਜ ਦੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਸਾਬਤ ਹੋ ਰਹੀ ਹੈ।

**ਰਾਜਵਿੰਦਰ ਕੌਰ, ਸਤਵਿੰਦਰਜੀਤ ਸਿੰਘ ਔਲਖ,**
**ਕ੍ਰਿਸ਼ੀ ਵਿਗਿਆਨ ਕੇਂਦਰ, ਗੁਰਦਾਸਪੁਰ** (ਮੋ. 75891-65667)

# ਗੰਨੇ ਅਤੇ ਫਲਾਂ ਤੋਂ ਕੁਦਰਤੀ ਸਿਰਕਾ ਉਤਪਾਦਨ

ਡਾ. ਗੁਰਵਿੰਦਰ ਸਿੰਘ ਕੋਚਰ ਅਤੇ ਡਾ. ਕੇਸ਼ਾਨੀ, ਮਾਈਕਰੋਬਾਇਆਲੋਜੀ ਵਿਭਾਗ,
ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਮੋਬਾਇਲ : 98149-18363

ਅੱਜ ਸਿਰਕਾ ਘਰਾਂ 'ਚ ਮੁੱਖ ਤੌਰ 'ਤੇ ਰਸੋਈ 'ਚ ਸਲਾਦ, ਅਚਾਰ ਜਾਂ ਹੋਰ ਫਾਇਦਿਆਂ ਲਈ ਵਰਤਿਆ ਜਾਂਦਾ ਹੈ। ਕੁਦਰਤੀ ਸਿਰਕੇ ਦੀ ਖਾਸ ਸੁਗੰਧ ਇਸ ਵਿਚਲੇ ਐਸਿਟਿਕ ਤੇਜ਼ਾਬ ਕਾਰਨ ਹੁੰਦੀ ਹੈ। ਨਾਲ ਹੀ ਸਰੋਤ ਅਤੇ ਖਮੀਰੀਕਰਨ ਦੇ ਸੂਖਮਜੀਵ ਜੰਤੂਆਂ ਦੁਆਰਾ ਵੀ ਸੁਗੰਧ ਅਤੇ ਸਿਹਤਮੰਦੀ, ਸਿਰਕੇ ਨੂੰ ਪ੍ਰਦਾਨ ਕੀਤੀ ਜਾਂਦੀ ਹੈ। ਇਨ੍ਹਾਂ ਫਾਇਦਿਆਂ ਕਰਕੇ ਸਿਰਕੇ ਨੂੰ ਨੂਟਰਾਸੂਟੀਕਲ ਵਰਗਾ 'ਚ ਰੱਖਿਆ ਜਾਂਦਾ ਹੈ, ਜੋ ਕਿ ਆਮ ਖੁਰਾਕੀ ਤੱਤਾਂ ਨਾਲ ਸਿਹਤ ਲਈ ਵੱਧ ਫਾਇਦੇਮੰਦ ਹੁੰਦੇ ਹਨ। ਸਿਰਕਾ ਟੁੱਟੀ





ਹੱਡੀ, ਕੈਂਸਰ ਦੇ ਸੈੱਲ, ਦੰਦ ਦਰਦ, ਖੰਘ, ਜ਼ੁਕਾਮ ਆਦਿ ਦਾ ਸ਼ਰਤੀਆ ਇਲਾਜ ਮੰਨਿਆ ਗਿਆ ਹੈ। ਸਿਰਕਾ ਨਾ ਕੇਵਲ ਸਰੀਰ ਦੇ ਮੈਟਾਬੋਲਿਜ਼ਮ ਨੂੰ ਤੇਜ਼ ਕਰਦਾ ਹੈ ਸਗੋਂ ਇਹ ਸਾਡੀ ਇਮਿਊਨਿਟੀ ਪ੍ਰਣਾਲੀ ਨੂੰ ਵੀ ਤੇਜ਼ ਕਰਦਾ ਹੈ।

ਬਾਜ਼ਾਰ 'ਚ ਆਮ ਤੌਰ 'ਤੇ ਬਨਾਵਟੀ ਸਿਰਕਾ ਪਾਇਆ ਜਾਂਦਾ ਹੈ, ਜਿਸ ਨੂੰ 4 ਫੀਸਦੀ ਗਲੇਸ਼ੀਅਲ ਐਸਿਟਿਕ ਤੇਜ਼ਾਬ ਤੋਂ ਤਿਆਰ ਕੀਤਾ ਹੁੰਦਾ ਹੈ। ਇਹ ਤੇਜ਼ਾਬ ਕੱਚੇ ਤੇਲ ਦੀ ਸਫਾਈ ਦੌਰਾਨ ਨਿਕਲਦਾ ਹੈ, ਜਿਸ 'ਚ ਲੈੱਡ (ਸ਼ੀਸ਼ੇ) ਦਾ ਇਸਤੇਮਾਲ ਹੁੰਦਾ ਹੈ। ਇਸ ਕਰਕੇ ਸ਼ੀਸ਼ੇ ਦੇ ਸੂਖਮ ਅੰਸ਼ ਬਨਾਵਟੀ ਸਿਰਕੇ 'ਚ ਰਹਿ ਜਾਂਦੇ ਹਨ, ਜੋ ਕਿ ਸਿਹਤ ਲਈ ਹਾਨੀਕਾਰਕ ਹਨ। ਇਸ ਦੇ ਉਲਟ ਕੁਦਰਤੀ ਸਿਰਕਾ ਸਿਹਤ ਭਰਪੂਰ ਵਿਟਾਮਿਨ, ਅਮੀਨੋ ਤੇਜ਼ਾਬਾਂ ਨਾਲ ਲੈਸ ਹੁੰਦਾ ਹੈ।

**ਬਾਜ਼ਾਰ 'ਚ ਆਮ ਤੌਰ 'ਤੇ ਬਨਾਵਟੀ ਸਿਰਕਾ ਪਾਇਆ ਜਾਂਦਾ ਹੈ, ਜਿਸ ਨੂੰ 4 ਫੀਸਦੀ ਗਲੇਸ਼ੀਅਲ ਐਸਿਟਿਕ ਤੇਜ਼ਾਬ ਤੋਂ ਤਿਆਰ ਕੀਤਾ ਹੁੰਦਾ ਹੈ। ਇਹ ਤੇਜ਼ਾਬ ਕੱਚੇ ਤੇਲ ਦੀ ਸਫਾਈ ਦੌਰਾਨ ਨਿਕਲਦਾ ਹੈ, ਜਿਸ 'ਚ ਲੈੱਡ (ਸ਼ੀਸ਼ੇ) ਦਾ ਇਸਤੇਮਾਲ ਹੁੰਦਾ ਹੈ। ਇਸ ਕਰਕੇ ਸ਼ੀਸ਼ੇ ਦੇ ਸੂਖਮ ਅੰਸ਼ ਬਨਾਵਟੀ ਸਿਰਕੇ 'ਚ ਰਹਿ ਜਾਂਦੇ ਹਨ, ਜੋ ਕਿ ਸਿਹਤ ਲਈ ਹਾਨੀਕਾਰਕ ਹਨ। ਇਸ ਦੇ ਉਲਟ ਕੁਦਰਤੀ ਸਿਰਕਾ ਸਿਹਤ ਭਰਪੂਰ ਵਿਟਾਮਿਨ, ਅਮੀਨੋ ਤੇਜ਼ਾਬਾਂ ਨਾਲ ਲੈਸ ਹੁੰਦਾ ਹੈ।**

**ਵਿਧੀ** : ਕੁਦਰਤੀ ਸਿਰਕਾ ਫਲਾਂ ਦੇ ਰਸ ਨੂੰ ਖਮੀਰ ਅਤੇ ਐਸਿਟਿਕ ਐਸਿਡ ਬੈਕਟੀਰੀਆ ਦੇ ਦੋਹਰੇ ਖਮੀਰੀਕਰਨ ਨਾਲ ਤਿਆਰ ਕੀਤਾ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪੰਜ ਤਰ੍ਹਾਂ ਦਾ ਕੁਦਰਤੀ ਸਿਰਕਾ : ਗੰਨਾ, ਅੰਗੂਰ, ਸੇਬ, ਸੇਬ-ਗੰਨਾ ਮਿਸ਼ਰਤ ਅਤੇ ਜਾਮਣ ਦੀ ਸਿਫਾਰਿਸ਼ ਕੀਤੀ ਹੈ। ਕੁਦਰਤੀ ਸਿਰਕਾ ਤਿਆਰ ਕਰਨ ਦਾ ਜਾਗ (ਖਮੀਰ, ਬੈਕਟੀਰੀਆ ਦਾ ਜਾਗ ਅਤੇ 500 ਮਿ.ਲੀ. ਮਦਰ ਸਿਰਕਾ) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ 250 ਰੁਪਏ ਪ੍ਰਤੀ ਜਾਗ ਸੈੱਟ ਦੀ ਦਰ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

ਕੁਦਰਤੀ ਸਿਰਕਾ ਤਿਆਰ ਕਰਨ ਲਈ ਪਹਿਲਾਂ ਫਲਾਂ ਦਾ ਰਸ ਕੱਢਿਆ ਜਾਂਦਾ ਹੈ ਅਤੇ ਬਰਿਕਸੋਮੀਟਰ ਦੀ ਮਦਦ ਦੇ ਨਾਲ ਇਸਦੀ ਖੰਡ ਦੀ ਘਣਤਾ 15 ਬਰਿਕਸ ਨਾਪੀ ਜਾਂਦੀ ਹੈ। ਰਸ ਦੇ ਪਾਸਚਰੀਕਰਨ ਤੋਂ ਬਾਅਦ ਇਸ ਨੂੰ ਖਮੀਰ ਦਾ ਜਾਗ (5-7.5%) ਲਗਾਇਆ ਜਾਂਦਾ ਹੈ ਅਤੇ ਰਸ ਨੂੰ 28-30° ਸੈਲਸੀਅਸ ਤਾਪਮਾਨ ਉਪਰ 4-5 ਦਿਨਾਂ ਲਈ ਖਮੀਰੀਕਰਨ ਵਾਸਤੇ ਰੱਖ ਦਿੱਤਾ ਜਾਂਦਾ ਹੈ। ਖੰਡ ਦੀ ਘਣਤਾ 0 ਹੋਣ ਤੇ ਤਿਆਰ ਅਲਕੋਹਲ ਨੂੰ ਅਲੱਗ ਕਰਕੇ ਬੈਕਟੀਰੀਆ (5%) ਅਤੇ 10% ਮਦਰ ਸਿਰਕੇ ਨਾਲ ਜਾਗ ਲਾਇਆ ਜਾਂਦਾ ਹੈ। ਇਸ ਮਿਸ਼ਰਣ ਨੂੰ 28-30° ਦੇ ਤਾਪਮਾਨ ਤੇ 2-3 ਹਫਤੇ ਲਈ ਖਮੀਰੀਕਰਣ ਲਈ ਰੱਖ ਦਿੱਤਾ ਜਾਂਦਾ ਹੈ। ਇਸ ਖਮੀਰੀਕਰਣ ਤੋਂ ਬਾਅਦ ਸਿਰਕੇ ਨੂੰ ਬੋਤਲਬੰਦ ਕਰਕੇ ਪਾਸਚਰੀਕਰਣ ਲਈ 60-65°C ਦਰਜੇ ਤਾਪਮਾਨ ਤੇ 20 ਮਿੰਟਾਂ ਲਈ ਰੱਖਿਆ ਜਾਂਦਾ ਹੈ।

**ਕੁਦਰਤੀ ਸਿਰਕਾ ਉਤਪਾਦਨ ਦੀ ਲਾਗਤ** : ਕੁਦਰਤੀ ਸਿਰਕੇ ਦੀ ਮੰਗ ਦਿਨੋ-ਦਿਨ ਵਧ ਰਹੀ ਹੈ। ਗੰਨਾ ਅਤੇ ਅੰਗੂਰ ਦਾ ਸਿਰਕਾ ਬਜ਼ਾਰ ਵਿਚ ਕ੍ਰਮਵਾਰ 100/- ਅਤੇ 150/- ਰੁਪਏ ਪ੍ਰਤੀ ਲੀਟਰ ਵਿਚ ਵੇਚਿਆ ਜਾਂਦਾ ਹੈ। ਜਦੋਂ ਕਿ ਸੇਬ ਦਾ ਸਿਰਕਾ 500-1000/- ਰੁਪਏ ਪ੍ਰਤੀ ਲੀਟਰ ਦੇ ਹਿਸਾਬ ਨਾਲ ਮਹਿੰਗਾ ਹੈ। ਕੁਦਰਤੀ ਸਿਰਕੇ ਦੇ ਉਤਪਾਦਨ ਦੀ ਲਾਗਤ ਉਤਪਾਦਨ ਯੂਨਿਟ ਦੇ ਪੈਮਾਨੇ ਦੇ ਨਾਲ ਬਦਲਦੀ ਹੈ ਜੋ ਘਰੇਲੂ (10-50 ਲੀਟਰ), ਕਾਟੇਜ (50 ਲੀਟਰ ਤੋਂ ਵੱਧ) ਅਤੇ ਛੋਟੇ ਪੈਮਾਨੇ(1000 ਲੀਟਰ ਅਤੇ ਹੋਰ) ਦੀ ਹੋ ਸਕਦੀ ਹੈ। ਇਨਪੁਟ ਲਾਗਤਾਂ ਵਿਚ ਰਸ ਅਤੇ ਕੱਚਾ ਮਾਲ, ਫਰਮੈਂਟੇਸ਼ਨ ਅਤੇ ਪ੍ਰੋਸੈਸਿੰਗ ਦੇ ਖਰਚੇ ਸ਼ਾਮਿਲ ਹੁੰਦੇ ਹਨ ਜਿਵੇਂ ਕਿ ਇਕ ਰੀਸਾਈਕਲ ਕੀਤੀ ਘਰੇਲੂ ਪੈਮਾਨੇ ਦੀ ਪ੍ਰਕਿਰਿਆ ਵਿਚ ਗੰਨੇ ਦਾ ਸਿਰਕੇ ਪਹਿਲੇ ਬੈਚ ਦੌਰਾਨ ਲਗਭਗ 36 ਰੀਸਾਈਕਲ ਕੀਤੇ ਕਲਚਰ ਦੀ ਵਰਤੋਂ ਕਰਕੇ ਪੰਜ ਹੋਰ ਬੈਚ ਤਿਆਰ ਕੀਤੇ ਜਾ ਸਕਦੇ ਹਨ, ਜਿਸ ਵਿਚ ਕੁੱਲ 6 ਬੈਚ 81 ਦਿਨਾਂ ਵਿਚ ਤਿਆਰ ਕੀਤੇ ਜਾਂਦੇ ਹਨ। 250 ਲਿਟਰ ਗੰਨੇ ਦਾ ਰਸ ਤੋਂ 750 ਮਿਲੀਲਿਟਰ ਸਮਰੱਥਾ ਦੀਆਂ ਕੁੱਲ 225 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। 225 ਬੋਤਲਾਂ ਦੇ ਉਤਪਾਦਨ ਦੀ ਲਾਗਤ ਲਗਭਗ 10,075/- ਰੁਪਏ ਆਉਂਦੀ ਹੈ ਅਤੇ ਪ੍ਰਤੀ ਬੋਤਲ ਲਾਗਤ 45/- ਰੁਪਏ ਹੈ। ਫਲਾਂ ਤੋਂ ਸਿਰਕੇ ਦੇ ਉਤਪਾਦਨ ਵਿਚ 130 ਲੀਟਰ ਅੰਗੂਰ ਦੇ ਰਸ ਤੋਂ 650 ਮਿਲੀਲਿਟਰ ਸਮਰੱਥਾ ਦੀਆਂ 120 ਬੋਤਲਾਂ ਤਿਆਰ ਕੀਤੀਆਂ ਜਾ ਸਕਦੀ ਹਨ। 120 ਬੋਤਲਾਂ ਦੇ ਉਤਪਾਦਨ ਦੀ ਲਾਗਤ 7560/- ਰੁਪਏ ਆਉਂਦੀ ਹੈ ਅਤੇ ਪ੍ਰਤੀ ਬੋਤਲ ਔਸਤ ਲਾਗਤ 63/- ਰੁਪਏ ਹੈ। ਸੇਬ ਅਤੇ ਗੰਨੇ ਦੇ ਮਿਸ਼ਰਣ ਵਾਲੇ ਸੇਬ ਦੇ ਸਿਰਕੇ ਵਿਚ, 35 ਲੀਟਰ ਰਸ ਤੋਂ 200 ਮਿਲੀਲਿਟਰ ਸਮਰੱਥਾ ਦੀਆਂ ਕੁੱਲ 125 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ ਜਿਸ ਵਿਚ ਕ੍ਰਮਵਾਰ 36.64/- ਰੁਪਏ ਅਤੇ 29.2/- ਰੁਪਏ ਪ੍ਰਤੀ ਬੋਤਲ ਖਰਚਾ ਆਉਂਦਾ ਹੈ। ਜਾਮਣ ਦੇ ਸਿਰਕੇ ਨੂੰ 28 ਦਿਨਾਂ ਵਿਚ ਬੈਚ ਫਰਮੈਂਟੇਸ਼ਨ ਦੁਆਰਾ ਤਿਆਰ ਕੀਤਾ ਜਾ ਸਕਦਾ ਹੈ, ਜਿਸ ਵਿਚ 20 ਲਿਟਰ ਜੂਸ ਤੋਂ 200 ਮਿਲੀਲਿਟਰ ਸਮਰੱਥਾ ਦੀਆਂ 70 ਬੋਤਲਾਂ ਤਿਆਰ ਕੀਤੀਆਂ ਜਾਂ ਸਕਦੀਆਂ ਹਨ, ਜਿਨ੍ਹਾਂ ਦੀ ਕੀਮਤ ਪ੍ਰਤੀ ਬੋਤਲ ਲਗਭਗ 36 ਰੁਪਏ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਵਿਕਸਿਤ 50 ਲਿ. ਪੱਧਰ 'ਤੇ ਤਿਆਰ ਕੀਤੀ ਤਕਨੀਕ ਰਾਹੀਂ ਗੰਨਾ, ਅੰਗੂਰ, ਸੇਬ ਅਤੇ ਜਾਮਣ ਦਾ ਸਿਰਕਾ ਬਣਾਉਣ ਉੱਪਰ ਕ੍ਰਮਵਾਰ 60 ਰੁਪਏ, 84 ਰੁਪਏ, 183 ਰੁਪਏ ਅਤੇ 60 ਰੁਪਏ ਪ੍ਰਤੀ ਦਾ ਖਰਚਾ ਆਉਂਦਾ ਹੈ। ਇਨ੍ਹਾਂ ਬੋਤਲਾਂ ਨੂੰ ਘੱਟੋ-ਘੱਟ ਇਕ ਸਾਲ ਲਈ ਸਟੋਰ ਕੀਤਾ ਜਾ ਸਕਦਾ ਹੈ।

**ਕੁਦਰਤੀ ਸਿਰਕੇ ਦਾ ਕਿੱਤਾ** : ਕੁਦਰਤੀ ਸਿਰਕੇ ਦੀ ਮੰਗ ਦਿਨੋ ਦਿਨ ਵਧ ਰਹੀ ਹੈ। ਗੰਨੇ ਤੇ ਅੰਗੂਰ ਦਾ ਸਿਰਕਾ ਬਜ਼ਾਰ ਵਿਚ ਕ੍ਰਮਵਾਰ ਔਸਤਨ 100 ਤੋਂ 150 ਰੁਪਏ ਪ੍ਰਤੀ ਲਿਟਰ ਮਿਲਦਾ ਹੈ, ਜਦ ਕਿ ਸੇਬ ਦਾ ਸਿਰਕਾ ਹੋਰ ਵੀ ਮਹਿੰਗਾ ਹੈ। ਸਿਰਕੇ ਦਾ ਵਪਾਰ ਇਕ ਸਹਾਇਕ ਕਿੱਤੇ ਦੇ ਤੌਰ 'ਤੇ ਲਗਾਇਆ ਜਾ ਸਕਦਾ ਹੈ। ਇਸ ਸੰਬੰਧੀ ਸਿਖਲਾਈ ਮਾਈਕ੍ਰੋਬਾਇਓਲੋਜੀ ਵਿਭਾਗ ਵਲੋਂ ਹਰ ਸਾਲ ਨਵੰਬਰ ਅਤੇ ਜੂਨ ਦੇ ਮਹੀਨੇ ਵਿਚ ਦਿੱਤੀ ਜਾਂਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਭਾਗ ਵਲੋਂ ਸਿਰਕਾ ਤਿਆਰ ਕਰਨ ਬਾਬਤ ਇਕ ਕਿਤਾਬ ਵੀ ਛਾਪੀ ਗਈ ਹੈ। ਘਰੇਲੂ ਤੌਰ 'ਤੇ ਸਿਰਕਾ ਤਿਆਰ ਕਰਨ ਲਈ ਕੋਈ ਖਾਸ ਸਾਮਾਨ ਜਾਂ ਜਗ੍ਹਾ ਦੀ ਜ਼ਰੂਰਤ ਨਹੀਂ ਹੁੰਦੀ ਹੈ। ਇਹ ਤਕਨਾਲੋਜੀ ਪੀ. ਏ. ਯੂ. ਦੇ ਤਕਨਾਲੋਜੀ ਮਾਰਕੀਟਿੰਗ ਅਤੇ ਪੇਟੈਂਟਿੰਗ ਸੈੱਲ, ਡਾਇਰੈਕਟਰ ਆਫ ਰਿਸਰਚ, ਕੋਲ ਵਪਾਰਕ ਤੌਰ 'ਤੇ ਵੀ ਉਪਲਬਧ ਹੈ ਅਤੇ ਹੁਣ ਤੱਕ 9 ਉੱਦਮੀਆਂ ਨੇ ਪੀ. ਏ. ਯੂ. ਤੋਂ ਇਹ ਤਕਨਾਲੋਜੀ ਖਰੀਦ ਕਰ ਲਾਭ ਪ੍ਰਾਪਤ ਕੀਤਾ ਹੈ।

# ਮੇਰੀ ਇੱਕ ਅਭੁੱਲ ਯਾਦ ਦੇ ਪਲ

ਲੇਖਕ - ਜਗਜੀਤ ਸਿੰਘ ਝੱਤਰਾ
ਪੇਸ਼ਕਸ਼ - ਤਸਵਿੰਦਰ ਸਿੰਘ ਬੜੈਚ
ਮੋ. 7527931887

ਜੀਵਨ ਵਿਚ ਸੌਖੇ-ਔਖੇ ਗੁਜ਼ਰੇ ਪਲ, ਵੇਲਾ ਗੁਜ਼ਰਨ ਤੇ ਯਾਦ ਦਾ ਰੂਪ ਧਾਰਨ ਕਰ ਜਾਂਦੇ ਹਨ। ਯਾਦਾਂ ਬੱਦਲਾਂ ਵਾਂਗ ਆਕਾਸ਼ 'ਚੋਂ ਉੱਡ ਪੁੱਡ ਕੇ ਨਿੱਖੜ ਜਾਂਦੀਆਂ ਹਨ ਤੇ ਹੌਲੀ-ਹੌਲੀ ਉਹ ਗਾਇਬ ਹੋ ਜਾਂਦੀਆਂ ਹਨ। ਪਰ ਯਾਦਾਂ ਇਕ ਜੀਵਨ ਦਾ ਹਿੱਸਾ ਹੋ ਗੁਜ਼ਰਦੀਆਂ ਹਨ। ਜੇ ਸੋਚਿਆ ਜਾਵੇ ਤਾਂ ਜੀਵਨ ਵੀ ਇਕ ਯਾਦ ਦੀ ਪੰਥਕ ਨਮੂਨਾਂ ਨਿਸ਼ਾਨੀ ਹੈ। ਜੀਵਨ ਹੀ ਇਕ ਯਾਦਾਂ ਰੂਪੀ ਇਕ ਮਹਿਲ ਦੇ ਨਿਆਈ ਹੈ। ਜਿਸਨੂੰ ਅਸੀਂ ਯਾਦਾਂ ਦਾ ਉਸਾਰਿਆ ਜੀਵਨ ਮਹਿਲ ਮੰਨ ਸਕਦੇ ਹਾਂ। ਕਈ ਯਾਦਾਂ ਮਨ ਦੇ ਸਮੁੰਦਰ ਵਿਚ ਆਪਣੀ ਜਗ੍ਹਾ ਬਣਾ ਕੇ ਸਾਰੀ ਜ਼ਿੰਦਗੀ ਵਿਚ ਇਕ ਪੱਕੀ ਸੜਕ ਦਾ ਨਕਸ਼ਾ ਬਣ ਕੇ ਵਹਿ ਜਾਂਦੀ ਹੈ। ਜੋ ਇਕ ਜ਼ਿੰਦਗੀ ਦੇ ਅਭੁੱਲ ਚੇਤੇ ਉੱਕਰ ਕੇ ਮਨ ਦੀ ਕੰਧ ਉੱਪਰ ਡੂੰਘੀ ਉੱਕਰੀ ਪੰਜੇ ਦੀ ਤਰ੍ਹਾਂ ਸਾਰੀ ਉੱਮਰ ਦਿਖਾਈ ਦਿੰਦਾ ਹੈ।

ਇਵੇਂ ਹੀ ਅੱਜ ਮੇਰੇ ਮਨ ਦੇ ਸਮੁੰਦਰ ਵਿਚੋਂ ਇਕ ਅਭੁੱਲ ਤੈਰਦੀ ਯਾਦ ਕਿਨਾਰੇ ਆ ਲੱਗੀ ਹੈ, ਜਿਸਨੂੰ ਮੈਂ ਮਲਕੇ ਜਿਹੇ ਪਕੜ ਕੇ ਤੁਹਾਡੇ ਹਵਾਲੇ ਕਲਮ ਦੇ ਰਾਹੀਂ ਕੋਰੇ ਕਾਗਜ਼ ਦੀ ਛਾਤੀ 'ਤੇ ਵਾਹੁਣ ਲੱਗਾ ਹਾਂ। ਕਈ ਵਾਰ ਇਹ ਸਾਗਰ ਰੂਪੀ ਮਨ ਦੇ ਕਿਨਾਰੇ 'ਤੇ ਵੱਜਕੇ ਪਿੱਛੇ ਹੀ ਚੱਲੀ ਜਾਂਦੀ ਸੀ। ਮੇਰੇ ਬਾਪ ਕੋਲੋਂ ਪੁਰਾਤਨ ਸਮੇਂ ਹਰਕੁਲੀਸ਼ ਮਾਰਕ ਸਾਈਕਲ ਹੁੰਦਾ ਸੀ, ਆਮ ਉਹ ਰਿਸ਼ਤੇਦਾਰੀਆਂ ਵਿਚ ਆਪਣੇ ਬਾਈਸਾਈਕਲ 'ਤੇ ਸਵਾਰ ਹੋ ਕੇ ਜਾਂਦਾ ਸੀ। ਮੇਰੇ ਬਾਪ ਨੇ ਤੁਰਲੇ ਵਾਲੀ ਪੱਗ ਦਾ ਇਕ ਤੁੱਰਲਾ ਉੱਪਰ ਇਕ ਲੜ ਥੱਲੇ ਛੱਡਿਆ ਹੁੰਦਾ। ਸਾਈਕਲ ਦੇ ਹੈਂਡਲ ਨਾਲ ਰੇਡੀਓ ਟੰਗਕੇ ਮੌਜ ਵਿਚ ਸਫਰ ਕਰਦਾ ਸੀ। ਤੇੜ ਚਾਦਰਾ ਬੰਨ੍ਹ ਕੇ ਲੜ ਨੂੰ ਪਿੰਡੇ ਥੱਲਿਉਂ ਖਿੱਚਕੇ ਬੰਨਦਾ ਤਾਂ ਕਿ ਸਾਈਕਲ ਦੀ ਚੈਨ ਵਿਚ ਨਾ ਫਸੇ। ਫਿੱਕਾ ਨੀਲਾ ਕੁੜਤਾ ਗੋਰੇ ਦੁੱਧ ਵਰਗੇ ਚੇਹਰੇ 'ਤੇ ਸਰੀਰ 'ਤੇ ਪਾਇਆ ਹੱਦੋਂ ਵੱਧ ਫੱਬਦਾ ਸੀ। ਜਦੋਂ ਚੱਲਦਾ ਤਾਂ ਨਜ਼ਰਾਂ ਲੱਗ ਲੱਗ ਜਾਂਦੀਆਂ ਸਨ। ਸੱਚਾ ਸੁੱਚਾ ਭੋਲਾ ਭਾਲਾ ਮਨੁੱਖ ਸਬਰ ਸੰਤੋਖ ਨੂੰ ਪਹਿਲ ਦਿੰਦਾ ਮੇਰਾ ਬਾਪ ਪ੍ਰੇਮ ਪਿਆਰ ਮਿਠਾਸ ਖਿਲਾਰਦਾ ਆਪਣਾ ਸਫਰ ਤੈਅ ਕਰਦਾ ਜਾਂਦਾ ਸੀ। ਹਰ ਇਕ ਦਾ ਸਤਿਕਾਰ ਕਰਦਾ ਜੀਵਨ ਬਤੀਤ ਕਰੀ ਗਿਆ। ਬਾਕੀ ਸਮਾਜ ਵੀ ਉਸਨੂੰ ਹੱਦ ਤੋਂ ਬਹੁਤਾ ਪਿਆਰ ਸਤਿਕਾਰ ਦਿੰਦਾ ਸੀ। ਮੇਰਾ ਬਾਪ ਹਮੇਸ਼ਾਂ ਕਹਿੰਦਾ ਹੁੰਦਾ ਸੀ ਕਿ ਜਲ ਥਲ, ਆਕਾਸ਼ ਤੇ ਪਤਾਲ ਹਰ ਜੀਵ ਇਸ ਸੰਸਾਰ ਵਿਚ ਜੋ ਆਇਆ ਹੈ ਉਸ ਦੀ ਪਹਿਲੀ ਤੇ ਆਖਰੀ ਇੱਛਾ ਅਣਖ, ਇੱਜ਼ਤ, ਆਜ਼ਾਦੀ, ਪਿਆਰ ਤੇ ਕਿਰਦਾਰ ਬਣਾ ਕੇ ਜੀਣ ਦੀ ਹੁੰਦੀ ਹੈ। ਆਪਣੇ ਫਰਜ਼ਾਂ ਪ੍ਰਤੀ ਮੇਰਾ ਬਾਪ ਸੰਵੇਦਨਸ਼ੀਲ ਸਦਾ ਸੀ। ਬੀਤੀਆਂ ਯਾਦਾਂ ਹਮੇਸ਼ਾਂ ਭਵਿੱਖ ਵਿਚ ਦਾਸਤਾਨਾਂ ਦਾ ਰੂਪ ਧਾਰਦੀਆਂ, ਜੋ ਮਨ ਨੂੰ ਇਕ ਤਾਕਤ ਊਰਜਾ ਦਾ ਸਾਧਨ ਬਣਕੇ ਢੱਕ ਕੇ ਰੱਖਣ ਦੀ ਸ਼ਕਲ ਬਣਦੀਆਂ ਹਨ।

ਇਕ ਜੋ ਘਟਨਾ ਵਾਪਰੀ ਉਸ ਵਿਸ਼ੇ 'ਤੇ ਪਰਤਦੇ ਹਾਂ, ਮੈਂ ਤੇ ਮੇਰਾ ਬਾਪ ਸਾਈਕਲ 'ਤੇ ਕਿਸੇ ਰਿਸ਼ਤੇਦਾਰੀ ਵਿਚ ਮਿਲਣ ਲਈ ਗਏ। ਮੈਨੂੰ ਮੇਰੇ ਬਾਪ ਨੇ ਸਾਈਕਲ ਦੇ ਡੰਡੇ 'ਤੇ ਲੱਗੀ ਲੱਕੜ ਦੀ ਕਾਠੀ ਉੱਪਰ ਬਿਠਾ ਲਿਆ ਅਤੇ ਚੱਲ ਪਏ। ਜਦ ਅਸੀਂ ਸਫਰ ਦੇ ਤਕਰੀਬਨ ਅੱਧ ਵਿਚ ਗਏ, ਮੈਨੂੰ ਨਿਆਣਾ ਹੋਣ ਕਾਰਨ ਨੀਂਦ ਦਾ ਝੋਂਕਾ ਲੱਗ ਗਿਆ ਤੇ ਮੇਰੇ ਪੈਰ ਦੀਆਂ ਉਂਗਲਾਂ ਚੱਕੇ ਦੀਆਂ ਤਾਰਾਂ ਵਿਚ ਆ ਗਈਆਂ। ਬਾਈਸਾਈਕਲ ਥੋੜਾ ਰੁਕ ਕੇ ਟੇਡਾ ਹੋ ਗਿਆ ਤੇ ਮੇਰੇ ਪੈਰ ਦੀਆਂ ਉਂਗਲਾਂ ਖੂਨ ਨਾਲ ਲੱਥਪੱਥ ਹੋ ਗਈਆਂ। ਮੈਂ ਰੋਣ ਲੱਗ ਪਿਆ। ਨਜ਼ਦੀਕ ਹੀ ਇਕ ਘਰ ਖੇਤਾਂ ਵਿਚ ਸੀ। ਉਸ ਘਰ ਦੇ ਸਾਰੇ ਜੀਅ ਦੌੜਕੇ ਆ ਗਏ। ਉਹਨਾਂ ਦੀ ਬਜ਼ੁਰਗ ਔਰਤ ਨੇ ਕਿਹਾ ਪਰੇ ਹੋ ਜਾਉ। ਉਸ ਬੇਬੇ ਨੇ ਮੈਨੂੰ ਗੋਦੀ ਵਿਚ ਲੈ ਲਿਆ ਤੇ ਉਂਗਲਾਂ 'ਤੇ ਸਰ੍ਹੋਂ ਦਾ ਤੇਲ ਲਾ ਦਿੱਤਾ, ਦਰਦ ਘੱਟ ਹੋ ਗਿਆ। ਉਸ ਬਚਨ ਕੌਰ ਨਾਂ ਦੀ ਬਜ਼ੁਰਗ ਬੇਬੇ ਨੇ ਮੈਨੂੰ ਹੱਦੋਂ ਵੱਧ ਪਿਆਰ ਮਿਲਾਰ ਦਿੱਤਾ ਤੇ ਅਸੀਂ ਅੱਗੇ ਚਲੇ ਗਏ। ਕਾਫੀ ਸਮੇਂ ਬਾਅਦ ਉਹ ਬੇਬੇ ਸਾਡੇ ਪਿੰਡ ਝੱਤਰੇ ਪਤਾ ਲੈਣ ਆਈ ਕਿ ਕਾਕਾ ਠੀਕ ਹੋ ਗਿਆ। ਮੇਰੇ ਬਾਪ ਨੇ ਉਸ ਬੇਬੇ ਦੀ ਬਹੁਤ ਸੇਵਾ ਕੀਤੀ। ਬੇਬੇ ਦਾ ਕੀਤਾ ਇਲਾਜ ਜਿਹੜਾ ਐਨੇ ਵਰ੍ਹਿਆਂ ਬਾਅਦ ਵੀ ਮੈਨੂੰ ਨਹੀਂ ਭੁੱਲਿਆ। ਅੱਜ ਵੀ ਇਸ ਯਾਦ ਦਾ ਹਾਉਕਾ ਸੀਨੇ ਵਿਚ ਨਿਕਲ ਕੇ ਮੇਰੀ ਰੂਹ ਚੀਰ ਲੰਘ ਜਾਂਦਾ ਹੈ।

# ਪੋਲਟਰੀ ਚੂਚਿਆਂ ਦਾ ਬਰੂਡਿੰਗ ਪ੍ਰਬੰਧਨ (ਪਾਲਣ ਪੋਸ਼ਣ)



ਬਰੂਡਿੰਗ ਚੂਚਿਆਂ ਦੇ ਬੱਚੇ ਨੂੰ ਪਾਲਣ ਦੀ ਕਲਾ ਅਤੇ ਵਿਗਿਆਨ ਹੈ। ਬਰੂਡਿੰਗ ਨੂੰ ਕੁਦਰਤੀ ਅਤੇ ਬਨਾਵਟੀ ਬਰੂਡਿੰਗ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ।

**ਕੁਦਰਤੀ ਪਾਲਣ ਪੋਸ਼ਣ** : ਕੁੜਕ ਮੁਰਗੀਆਂ ਕੁਦਰਤੀ ਤੌਰ ਤੇ ਚੂਚਿਆਂ ਨੂੰ ਆਪਣਾ ਸਰੀਰਕ ਨਿੱਘ ਦਿੰਦੀਆਂ ਹਨ ਅਤੇ 3 ਤੋਂ 4 ਹਫਤਿਆਂ ਦੀ ਉਮਰ ਤੱਕ ਚੂਚਿਆਂ ਨੂੰ ਪਾਲਦੀਆਂ ਹਨ। ਇੱਕ ਮੁਰਗੀ 5-6 ਚੂਚਿਆਂ ਤੱਕ ਦਾ ਪਾਲਣ ਪੋਸ਼ਣ ਕਰ ਸਕਦੀ ਹੈ।

**ਬਨਾਵਟੀ ਪਾਲਣ-ਪੋਸ਼ਣ** : ਚੂਚਿਆਂ ਨੂੰ ਬਿਨਾਂ ਮੁਰਗੀ ਦੇ ਪਾਲਿਆ ਜਾਂਦਾ ਹੈ ਅਤੇ ਉਹਨਾਂ ਨੂੰ ਕੁਝ ਬਾਹਰੀ ਸਰੋਤਾਂ / ਉਪਕਰਨਾਂ ਜਿਵੇਂ ਹੀਟਰ, ਭੁਖਾਰੀ ਆਦਿ ਦੁਆਰਾ ਨਿੱਘ ਦਿੱਤਾ ਜਾਂਦਾ। ਨਿੱਘ ਦੇਣ ਲਈ ਵਰਤੇ ਜਾਣ ਵਾਲੇ ਉਪਕਰਨਾਂ ਨੂੰ ਬਰੂਡਰ ਕਿਹਾ ਜਾਂਦਾ ਹੈ। ਬਰੂਡਰ ਦੀ ਸਮਰੱਥਾ ਅਨੁਸਾਰ ਬਨਾਵਟੀ ਤਰੀਕੇ ਨਾਲ ਵਧੇਰੇ ਗਿਣਤੀ ਵਿਚ ਚੂਚਿਆਂ ਦਾ ਪਾਲਣ ਪੋਸ਼ਣ ਕੀਤਾ ਜਾ ਸਕਦਾ ਹੈ। ਵਪਾਰਕ ਪੱਧਰ ਦੀ ਪੋਲਟਰੀ ਫਾਰਮਿੰਗ ਲਈ ਇਹ ਤਰੀਕਾ ਹੀ ਉਪਯੁਕਤ ਹੈ। ਬਰੂਡਿੰਗ ਸਿਸਟਮ ਦੇ ਤਿੰਨ ਭਾਗ ਹੁੰਦੇ ਹਨ : ੳ) ਹੀਟਿੰਗ ਸਰੋਤ / ਬਾਲਣ, ਅ) ਰਿਫਲੈਕਟਰ / ਹੀਟ ਡਿਸਸਿਪੇਟਰ, ੲ) ਬਰੂਡਰ ਗਾਰਡ/ਚਿਕ ਗਾਰਡ

**ੳ) ਹੀਟਿੰਗ ਸਰੋਤ/ਬਾਲਣ** : ਬਿਜਲੀ, ਐਲ ਪੀ ਜੀ, ਮੀਥੇਨ ਗੈਸ, ਮਿੱਟੀ ਦਾ ਤੇਲ, ਕੋਲਾ, ਲੱਕੜ ਜਾਂ ਲੱਕੜ ਦਾ ਬੁਰਾਦਾ ਆਦਿ ਬਾਲਣ ਦੇ ਤੌਰ ਤੇ ਵਰਤੇ ਜਾ ਸਕਦੇ ਹਨ। ਬਾਲਣ ਦੇ ਆਧਾਰ 'ਤੇ ਹੇਠ ਲਿਖੀਆਂ 'ਤੇ ਹੇਠ ਲਿਖੀਆਂ ਕਿਸਮਾਂ ਦੇ ਬਰੂਡਰ ਵਰਤੇ ਜਾ ਸਕਦੇ ਹਨ :

1. **ਇਲੈਕਟ੍ਰੀਕਲ ਬਰੂਡਰ** : ਇਹ ਇੱਕ ਥਰਮੋਸਟੈਟਿਕ ਤੌਰ 'ਤੇ ਨਿਯੰਤਰਿਤ ਸਿਸਟਮ ਹੈ ਜੋ ਲੋੜੀਂਦੇ ਤਾਪ ਨੂੰ ਪੂਰੇ ਬਰੂਡਿੰਗ ਖੇਤਰ ਵਿਚ ਇਕਸਾਰ ਫੈਲਾਉਂਦਾ ਹੈ। ਇੱਕ ਇਲੈਕਟ੍ਰੀਕਲ ਬਰੂਡਰ 300 ਤੋਂ 400 ਚੂਚਿਆਂ ਲਈ ਵਰਤਿਆ ਜਾ ਸਕਦਾ ਹੈ।
2. **ਚਾਰਕੋਲ ਸਟੋਵ / ਮਿੱਟੀ ਦੇ ਤੇਲ ਦੇ ਸਟੋਵ** : ਜਿੱਥੇ ਬਿਜਲੀ ਉਪਲਬਧ ਨਹੀਂ ਹੈ, ਆਮ ਕੋਲਾ / ਮਿੱਟੀ ਦੇ ਤੇਲ ਦੇ ਸਟੋਵ ਚੂਚਿਆਂ ਨੂੰ ਨਿੱਘ ਪ੍ਰਦਾਨ ਕਰਨ ਲਈ ਵਰਤੇ ਜਾਂਦੇ ਹਨ।
3. **ਗੈਸ ਬਰੂਡਰ** : ਇਹਨਾਂ ਬਰੂਡਰਾਂ ਵਿਚ ਕੁਦਰਤੀ ਗੈਸ, ਐਲ ਪੀ ਜੀ ਅਤੇ ਮੀਥੇਨ ਨੂੰ ਬਾਲਣ ਵਜੋਂ ਵਰਤਿਆ ਜਾਂਦਾ ਹੈ ਅਤੇ ਇਸ ਨੂੰ ਪੰਛੀਆਂ ਤੋਂ 3-5 ਫੁੱਟ ਉੱਪਰ ਲਟਕਾਇਆ ਜਾਂਦਾ ਹੈ।
4. **ਇਨਫਰਾ-ਰੈਡ ਬਲਬ** : ਇੱਕ 250 ਵਾਟ ਦਾ ਬਲਬ ਲਗਭਗ 150 ਤੋਂ 250 ਚੂਚਿਆਂ ਦੀ ਬਰੂਡਿੰਗ ਲਈ ਉਪਯੁਕਤ ਹੈ। ਇਨ੍ਹਾਂ ਤੋਂ ਇਲਾਵਾ ਠੋਸ ਬਾਲਣ ਜਿਵੇਂ ਕੋਲਾ, ਲੱਕੜ, ਆਰਾ, ਧੂੜ ਆਦਿ ਨੂੰ ਵੀ ਬਾਲਣ ਵਜੋਂ ਵਰਤਿਆ ਜਾ ਸਕਦਾ ਹੈ।

**ਅ) ਰਿਫਲੈਕਟਰ** : ਰਿਫਲੈਕਟਰ ਨੂੰ ਹੋਵਰ ਵੀ ਕਿਹਾ ਜਾਂਦਾ ਹੈ। ਇਹ ਦੋ ਕਿਸਮ ਦੇ ਹਨ :

**ਫਲੈਟ ਟਾਈਪ ਹੋਵਰ** : ਇਸ ਕਿਸਮ ਦੇ ਹੋਵਰ ਵਿਚ ਹੀਟਿੰਗ ਐਲੀਮੈਂਟ, ਪਾਇਲਟ ਲੈਂਪ ਅਤੇ ਤਾਪਮਾਨ ਨੂੰ ਰਿਕਾਰਡ ਕਰਨ ਲਈ ਥਰਮਾਮੀਟਰ ਵੀ ਹੁੰਦੇ ਹਨ।

**ਕੈਨੋਪੀ ਟਾਈਪ ਹੋਵਰ** : ਇਸ ਕਿਸਮ ਦੇ ਰਿਫਲੈਕਟਰ ਅਵਤਲ ਸ਼ਕਲ ਵਿਚ ਹੁੰਦੇ ਹਨ ਜਿਸ ਵਿੱਚ ਸਾਧਾਰਨ ਇਲੈਕਟ੍ਰੀਕਲ ਬਲਬ, ਥਰਮੋਸਟੈਟ ਮਕੈਨਿਜ਼ਮ ਅਤੇ ਥਰਮਾਮੀਟਰ ਹੁੰਦੇ ਹਨ।

**ੲ) ਬਰੂਡਰ ਗਾਰਡ/ਚਿਕ ਗਾਰਡ** : ਇਹਨਾਂ ਦੀ ਵਰਤੋਂ ਚੂਚਿਆਂ ਨੂੰ ਨਿੱਘ ਦੀ ਸਪਲਾਈ ਤੋਂ ਬਹੁਤ ਦੂਰ ਜਾਣ ਤੋਂ ਰੋਕਣ ਲਈ ਕੀਤੀ ਜਾਂਦੀ ਹੈ। ਬਰਡਰ ਦੀ ਸਮਰੱਥਾ ਅਨੁਸਾਰ 5 ਫੁੱਟ ਦੇ ਵਿਆਸ ਵਾਲਾ ਬਰੂਡਰ ਗਾਰਡ ਦੇਣਾ ਚਾਹੀਦਾ ਹੈ। ਬਰੂਡਰ ਦੀ ਉੱਚਾਈ 1.5 ਫੁੱਟ ਤੋਂ ਵੱਧ ਨਹੀਂ ਹੋਣੀ ਚਾਹੀਦੀ। ਗੱਤੇ ਦੀ ਸ਼ੀਟ, ਜੀ ਆਈ ਸ਼ੀਟ, ਤਾਰ ਦੀ ਜਾਲੀ ਅਤੇ ਮੈਟ ਆਦਿ ਵਰਗੀਆਂ ਸਮੱਗਰੀਆਂ ਦੀ ਚਿੱਕ ਗਾਰਡ ਵੱਜੋਂ ਵਰਤੋਂ ਕਰ ਸਕਦੇ ਹਾਂ। ਸਰਦੀਆਂ ਦੇ ਮੌਸਮ ਵਿੱਚ, 5-6 ਹਫਤਿਆਂ ਲਈ ਬਰੂਡਿੰਗ ਕੀਤੀ ਜਾ ਸਕਦੀ ਹੈ। ਗਰਮੀਆਂ ਦੇ ਮੌਸਮ ਵਿੱਚ ਇਹ 2-3 ਹਫਤਿਆਂ ਦਾ ਸਮਾਂ ਹੀ ਕਾਫੀ ਹੁੰਦਾ ਹੈ।

*ਸਤਬੀਰ ਸਿੰਘ ਅਤੇ ਅਰਪਨਾ,*
*ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ*

# ਪਸ਼ੂ-ਪਾਲਕ ਭਰਾਵੋ! ਪਸ਼ੂਆਂ ਦੀ ਕਮਰੋੜ 'ਤੇ ਡੰਡਾ ਮਤ ਮਾਰੋ!!

ਬੜੀ ਵਾਰੀ ਸਾਨੂੰ ਪਸ਼ੂਆਂ ਨੂੰ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਉੱਪਰ ਲੈ ਕੇ ਜਾਣਾ ਹੁੰਦਾ ਹੈ। ਆਮ ਤੌਰ ਤੇ ਪਸ਼ੂ ਆਪਣੇ ਆਪ ਹੀ ਕਾਮਿਆਂ ਦੇ ਵੱਖ ਵੱਖ ਆਦੇਸ਼ ਸਮਝ ਜਾਂਦੇ ਹਨ। ਪਰ ਕਦੇ ਕਦੇ ਪਸ਼ੂ ਅਜਿਹਾ ਨਹੀਂ ਕਰਦੇ ਇਸ ਦੇ ਉਲਟ ਉਹ ਕੁਝ ਹੋਰ ਨਾ-ਮਨਜ਼ੂਰਸ਼ੁਦਾ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਨ। ਅਜਿਹੇ ਸੂਰਤ ਵਿੱਚ ਕਿਸੇ ਡੰਡੇ ਵੀ ਜ਼ਰੂਰਤ ਪੈਂਦੀ ਹੈ। ਡੰਡਾ ਹਮੇਸ਼ਾ ਪੱਟ ਤੇ ਜਾਂ ਵੱਖੀ ਤੇ ਹੀ ਮਾਰਨਾ ਚਾਹੀਦਾ ਹੈ ਅਤੇ ਉਸ ਵੀ ਸਰੀਰ ਦੇ ਸਾਮਾਨੰਤਰ ਅਤੇ ਹੌਲੀ ਨਾਲ। ਕਈ ਵਾਰ ਪਸ਼ੂ-ਪਾਲਕ ਜਾਂ ਉਸਦੇ ਮਾਮੇ, ਡੰਡਾ ਕਮਰੋੜ ਤੇ ਮਾਰਦੇ ਹਨ ਜਿਸ ਨਾਲ ਪਸ਼ੂ ਜ਼ਖਮੀ ਹੋ ਜਾਂਦਾ ਹੈ। ਉਹ ਅਲੱਗ ਅਲੱਗ ਕਿਸਮ ਦੀਆਂ ਨਿਸ਼ਾਨੀਆਂ ਦਰਸਾਉਣੀਆਂ ਸ਼ੁਰੂ ਕਰ ਦਿੰਦਾ ਹੈ। ਇਹ ਨਿਸ਼ਾਨੀਆਂ ਸੱਟ ਦੀ ਤੀਬਰਤਾ ਅਤੇ ਡੰਡਾ ਮਾਰਨ ਦੀ ਜਗ੍ਹਾ 'ਤੇ ਨਿਰਭਰ ਕਰਦੀਆਂ ਹਨ।

ਡੰਡਾ ਹੌਲੀ ਕਾਰਨ ਤੇ ਸੱਟ ਥੋੜੀ ਘੱਟ ਤੀਬਰਤਾ ਦੀ ਹੁੰਦੀ ਹੈ। ਇਸ ਸਮੇਂ ਪਸ਼ੂ ਨੂੰ ਤੁਰਨ ਵਿੱਚ ਤਕਲੀਫ ਹੁੰਦੀ ਹੈ। ਉਹ ਲੜਖੜਾ ਕੇ ਥਿੜਕਵੇਂ ਲਹਿਜੇ ਵਿੱਚ ਚਲਦਾ ਹੈ। ਡੰਡਾ ਜੋਰ ਨਾਲ ਮਾਰਨ ਦੀ ਸਥਿਤੀ ਵਿੱਚ ਸੱਟ ਕਾਫੀ ਗੰਭੀਰ ਹੁੰਦੀ ਹੈ। ਅਜਿਹੀ ਸਥਿਤੀ ਵਿੱਚ ਪਸ਼ੂ ਅਕਸਰ ਬੈਠ ਜਾਂਦਾ ਹੈ। ਉਹ ਉੱਠਣ ਦੀ ਕੋਸ਼ਿਸ਼ ਕਰਦਾ ਹੈ ਪਰ ਉਸ ਕੋਲੋਂ ਉਠਿਆ ਨਹੀਂ ਜਾਂਦਾ। ਪਿਛਲੀਆਂ ਲੱਤਾਂ ਵਿੱਚ ਸੰਵੇਦਨਸ਼ੀਲਤਾ ਥੋੜੀ ਜਾਂ ਬਿਲਕੁਲ ਹੀ ਖਤਮ ਹੋ ਜਾਂਦੀ ਹੈ।

ਜੇਕਰ ਸੱਟ ਘੱਟ ਤੀਬਰਤਾ ਦੀ ਹੋਵੇ ਤਾਂ ਪਸ਼ੂ ਖਲੋਤਾ ਰਹਿੰਦਾ ਹੈ ਪਰ ਉਸਦੇ ਖੜਨ ਦੀ ਮੁਦਰਾ ਬੜੀ ਖਾਸ ਹੁੰਦੀ ਹੈ। ਉਹ ਆਪਣੀ ਪਿੱਠ ਨੂੰ ਉੱਪਰ ਨੂੰ ਚੁੱਕ ਕੇ ਖਲੋਏਗਾ ਅਤੇ ਪਿਛਲੀਆਂ ਲੱਤਾਂ ਸਰੀਰ ਤੋਂ ਪਿਛਾਂਹ ਵੱਲ ਨੂੰ ਰੱਖੇਗਾ। ਕਮਰੋੜ ਉੱਪਰ ਸੋਜਾ ਜਾਂ ਸੱਟ ਦੇ ਨਿਸ਼ਾਨ ਮੌਜੂਦ ਹੋ ਸਕਦੇ ਹਨ। ਪਸ਼ੂ ਬੜਾ ਔਖਾ ਤੁਰਦਾ ਹੈ। ਸਰੀਰਕ ਤਾਪਮਾਨ ਆਮ ਤੌਰ ਤੇ ਸਹੀ ਹੁੰਦਾ ਹੈ ਪਰ ਸਾਹ ਲੈਣ ਦੀ ਦਰ ਅਤੇ ਦਿਲ ਦੀ ਧੜਕਣ ਅਕਸਰ ਤੇਜ਼ ਹੁੰਦੀ ਹੈ। ਕਮਰੋੜ ਉੱਪਰ ਹੱਥ ਫੇਰਨ ਸਮੇਂ ਪਸ਼ੂ ਤਕਲੀਫ ਮਹਿਸੂਸ ਕਰਦਾ ਹੈ। ਇਹਨਾਂ ਗੱਲਾਂ ਤੋਂ ਕਮਰੋੜ ਤੇ ਸੱਟ ਲੱਗਣ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਲਵੇਰੀਆਂ ਵਿੱਚ ਰੀੜ ਦੀ ਹੱਡੀ ਗਰਦਨ ਤੋਂ ਲੈ ਕੇ ਪੂੰਛ ਤੱਕ ਅਲੱਗ ਅਲੱਗ ਕਿਸਮ ਦੇ ਮਣਕਿਆਂ ਦੁਆਰਾ ਬਣੀ ਹੁੰਦੀ ਹੈ। ਤਰਤੀਬ ਵਿੱਚ ਇਹ ਗਰਦਨ (Cervical vertabae, ਗਿਣਤੀ ਵਿੱਚ 7) ਤੋਂ ਸ਼ੁਰੂ ਹੋ ਕੇ ਛਾਤੀ (Thoracic vertabae, 13), ਲੱਕ (Lumbar vertabae, 6), ਚੂਲੇ ਦੇ ਉਪਰਲੇ ਬਣੇ ਸੈਕਰਮ ਵਿਚਲੇ (Sacralc vertabae, 5) ਅਤੇ ਪੂੰਛ (Coccygeal vertabae, 18-20) ਦੇ ਮਣਕੇ ਆਉਂਦੇ ਹਨ। ਇਹ ਵੱਖ ਵੱਖ ਕਿਸਮ ਦੇ ਮਣਕੇ ਬਨਾਵਟ ਅਤੇ ਆਕਾਰ ਵਿੱਚ ਵੀ ਵੱਖੋ-ਵੱਖਰੇ ਹੁੰਦੇ ਹਨ। ਇਹਨਾਂ ਦੇ ਅੰਦਰ ਗੋਲਾਈ ਵਿੱਚ ਇਕ ਖਾਲੀ ਜਗ੍ਹਾ ਹੁੰਦੀ ਹੈ। ਸਾਰੇ ਮਣਕਿਆਂ ਦੀ ਖਾਲੀ ਜਗ੍ਹਾ ਆਪਸ ਵਿੱਚ ਜੁੜੀ ਹੁੰਦੀ ਹੈ ਅਤੇ ਇਕ ਲੰਬੀ ਨਾਲੀ ਬਣਾਉਂਦੀ ਹੈ। ਇਹ ਨਾਲੀ ਵਿੱਚਲੀ ਦਿਮਾਗ ਨਾਲ ਜੁੜੀ ਹੋਈ ਰੀੜ ਦੀ ਨੜੀ ਲੰਘਦੀ ਹੈ। ਰੀੜ ਦੇ ਮਣਕੇ ਇਸ ਨਾੜੀ ਨੂੰ ਸੱਟ ਲੱਗਣ ਤੋਂ ਬਚਾਉਂਦੇ ਹਨ।

ਜਦੋਂ ਸੱਟ ਛਾਤੀ ਦੇ ਦੂਸਰੇ ਮਣਕੇ (Second Thoracic Vertebra) ਤੋਂ ਪਿਛਾਂਹ ਵੱਲ ਨੂੰ ਲੱਗੀ ਹੋਵੇ ਤਾਂ ਪਸ਼ੂ ਦੀਆਂ ਪਿਛਲੀਆਂ ਲੱਤਾਂ ਕੰਮ ਨਹੀਂ ਕਰਦੀਆਂ। ਉਹਨਾਂ ਦਾ ਅਧਰੰਗ ਹੋ ਜਾਂਦਾ ਹੈ। ਜਦੋਂ ਪਸ਼ੂ ਉੱਠਣ ਦੀ ਕੋਸ਼ਿਸ਼ ਕਰਦਾ ਹੈ, ਉਸ ਕੋਲੋਂ ਉੱਠਿਆ ਨਹੀਂ ਜਾਂਦਾ ਬਲਕਿ ਉਹ ਕੁੱਤੇ ਦੇ ਬੈਠਣ ਵਾਲਾ ਰੁਖ ਅਖਤਿਆਰ ਕਰ ਲੈਂਦਾ ਹੈ। ਜਦੋਂ ਸੱਟ ਗਰਦਨ ਦੇ ਮਣਕਿਆਂ ਉੱਪਰ ਲੱਗੀ ਹੋਵੇ ਤਾਂ ਪਸ਼ੂ ਦੀਆਂ ਚਾਰੇ ਲੱਤਾਂ ਦਾ ਅਧਰੰਗ ਹੋ ਜਾਂਦਾ ਹੈ। ਅਜਿਹਾ ਸਥਿਤੀ ਵਿੱਚ ਪਸ਼ੂ ਕੋਲੋਂ ਬੈਠਿਆ ਵੀ ਨਹੀਂ ਜਾਂਦਾ। ਉਹ ਇੱਕ ਪਸੇ ਨੂੰ ਵੱਖੀ ਭਰਨੇ ਲੇਟ ਜਾਂਦਾ ਹੈ। ਜਦੋਂ ਪਿਛਲੀ ਲੱਤ ਦੇ ਖੁਰ ਕੋਲੋਂ ਚੂੰਢੀ ਭਰਨ ਤੇ ਪਸ਼ੂ ਆਪਣੀ ਲੱਤ ਇਕੱਠੀ ਕਰ ਲਵੇ ਤਾਂ ਇਸਦਾ ਮਤਲਬ ਹੈ ਕਿ ਪਿਛਲੀ ਲੱਤ ਦੀ ਮੁੱਖ ਨਾੜੀ (Sciatic nerve) ਕੰਮ ਕਰ ਰਹੀ ਹੈ। ਇਸਦੇ ਨਾਲ ਨਾਲ ਰੀੜ ਦੀਆਂ ਕੁੱਝ ਹੋਰ ਨਾੜੀਆਂ ਦੇ ਕੰਮ ਕਰਨ ਦਾ ਸੰਕੇਤ ਵੀ ਮਿਲਦਾ ਹੈ। ਪੂੰਛ ਦੀ ਹਰਕਤ ਰੀੜ ਦੇ ਆਖਰੀ ਹਿੱਸੇ ਦੀ ਕੰਮ ਕਰਨ ਦੀ ਸ਼ਕਤੀ ਨੂੰ ਦਰਸਾਉਂਦਾ ਹੈ। ਲਵੇਰੀਆਂ ਵਿੱਚ ਬੀੜ ਦਾ ਆਖਰੀ ਹਿੱਸਾ



ਚੂਲੇ ਦੇ ਉੱਪਰਲੇ ਹਿੱਸੇ ਵਿੱਚ ਲੱਗੇ ਹੋਏ ਸੈਕਰਮ (Sacrum) ਦੇ ਪਹਿਲੇ ਮਣਕੇ ਅੰਦਰ ਹੁੰਦਾ ਹੈ।

ਕਮਰੋੜ ਉੱਪਰ ਸੱਟ ਲੱਗਣ ਕਾਰਣ ਉਤਪੰਨ ਹੋਈਆਂ ਨਿਸ਼ਾਨੀਆਂ ਕੁੱਝ ਹੋਰ ਬਿਮਾਰੀਆਂ ਨਾਲ ਮੇਲ ਖਾ ਸਕਦੀਆਂ ਹਨ ਜਿਵੇਂ ਪੇਟ ਦੀ ਅੰਦਰਲੀ ਝਿੱਲੀ (Peritonitis) ਦਾ ਸੁੱਜ ਜਾਣਾ ਜਾਂ ਖੁਰਾਂ ਵਿੱਚ ਸੋਜਾ (Laminitis) ਆਣਾ। ਪੇਟ ਦੀ ਅੰਦਰਲੀ ਝਿੱਲੀ ਦੇ ਸੁੱਜ ਜਾਣ ਸਮੇਂ ਪਸ਼ੂ ਨੂੰ ਬੁਖਾਰ ਹੋ ਜਾਂਦਾ ਹੈ। ਉਹ ਪੱਠੇ ਖਾਣੇ ਵੀ ਘਟਾ ਦਿੰਦਾ ਹੈ। ਗੋਹਾ ਪਤਲਾ ਜਾਂ ਕਾਠਾ ਹੋ ਜਾਂਦਾ ਹੈ। ਖੁਰਾਂ ਵਿੱਚ ਸੋਜਾ ਆਣ ਸਦਕਾ ਪਸ਼ੂ ਪਿਛਲੀਆਂ ਲੱਤਾਂ ਨੂੰ ਆਪਣੇ ਸਰੀਰ ਹੇਠਾਂ ਹੀ ਰੱਖੇਗਾ। ਉਹ ਉਹਨਾਂ ਨੂੰ ਪਿਛਾਂਹ ਨੂੰ ਕਰਕੇ ਨਹੀਂ ਖਲੋਏਗਾ। ਖੁਰਾਂ ਨੂੰ ਹੱਥ ਨਾਲ ਦਬਾਉਣ ਤੇ ਪਸ਼ੂ ਤਕਲੀਫ ਮਹਿਸੂਸ ਕਰੇਗਾ। ਕਮਰੋੜ ਦੀ ਸੱਟ ਕਈ ਹੋਰ ਕਾਰਣਾਂ ਕਰਕੇ ਵੀ ਲੱਗ ਸਕਦੀ ਹੈ। ਸ਼ੈੱਡ ਅੰਦਰ ਕਈ ਜਗ੍ਹਾ ਉਪਰ ਧਰਤੀ ਦੇ ਸਮਾਨੰਤਰ ਲੋਹੇ ਦੀਆਂ ਸਲਾਖਾਂ ਲੱਗੀਆਂ ਹੁੰਦੀਆਂ ਹਨ। ਕਈ ਵਾਰ ਪਸ਼ੂ ਇਹਨਾਂ ਸਲਾਖਾਂ ਦੇ ਥੱਲੇ ਆ ਕੇ ਖਲੋ ਜਾਂਦੇ ਹਨ। ਅਚਨਚੇਤ ਉੱਪਰ ਨੂੰ ਉਠਣ ਸਮੇਂ ਲੋਹੇ ਦੀ ਸਲਾਖ ਨਾਲ ਕਮਰੋੜ ਜ਼ਖਮੀ ਹੋ ਸਕਦੀ ਹੈ। ਲੰਗ ਮਾਰਨ ਵਾਲੀਆਂ ਗਾਂਵਾਂ ਜਾਂ ਸੂਤਕੀ ਬੁਖਾਰ ਤੋਂ ਠੀਕ ਹੋਏ ਪਸ਼ੂ ਅਕਸਰ ਸਲਾਖਾਂ ਦਾ ਸਹਾਰਾ ਲੈ ਕੇ ਖਲੋਂਦੇ ਹਨ। ਕਈਂ ਵਾਰੀ ਵੱਗ ਵਿੱਚ ਵੱਡੇ ਕੱਦ ਦੇ ਪਸ਼ੂ ਦੂਸਰੇ ਪਸ਼ੂਆਂ ਉੱਪਰ ਟੱਪਣ ਦੀ ਕੋਸ਼ਿਸ਼ ਕਰਦੇ ਹਨ। ਅਜਿਹੇ ਸਮੇਂ ਵੀ ਕਮਰੋੜ ਉੱਪਰ ਸੱਟ ਲੱਗ ਸਕਦੀ ਹੈ। ਕਈ ਵਾਰੀ ਪਸ਼ੂ ਵਾੜ ਵਜੋਂ ਲਗਾਈਆਂ ਗਈਆਂ ਸਲਾਖਾਂ ਵਿੱਚੋਂ ਲੰਘਣ ਦੀ ਕੋਸ਼ਿਸ਼ ਕਰਦੇ ਹਨ। ਇਸ ਸਮੇਂ ਵੀ ਕਮਰੋੜ ਉੱਪਰ ਸੱਟ ਲੱਗ ਸਕਦੀ ਹੈ। ਕਮਰੋੜ ਨੂੰ ਗਰਦਨ ਤੋਂ ਲੈ ਕੇ ਪੁੜਿਆਂ ਤੱਕ ਹੱਥ ਨਾਲ ਟੋਹ ਕੇ ਸੱਟ ਦਾ ਪਤਾ ਲਗਾਇਆ ਜਾ ਸਕਦਾ ਹੈ। ਰੀੜ ਦੇ ਮਣਕਿਆਂ ਵਿਚਕਾਰ ਡੂੰਘ ਜਾਂ ਮਣਕਿਆਂ ਦਾ ਇੱਕ ਪਾਸੇ ਨੂੰ ਖਿਸਕ ਜਾਣਾ ਸੱਟ ਲੱਗਣ ਨੂੰ ਦਰਸਾਉਂਦਾ ਹੈ। ਬੈਠੀ ਹੋਈ ਲਵੇਰੀ ਦਾ ਇਲਾਜ ਜਲਦੀ ਤੋਂ ਜਲਦੀ ਸ਼ੁਰੂ ਕਰਨਾ ਚਾਹੀਦਾ ਹੈ ਅਤੇ ਉਹ ਵੀ ਕਿਸੇ ਮਾਹਿਰ ਵੈਟਨਰੀ ਡਾਕਟਰ ਤੋਂ ਕਰਵਾਉਣਾ ਚਾਹੀਦਾ ਹੈ। ਉਸਨੂੰ ਪੀਣ ਲਈ ਤਾਜ਼ਾ ਪਾਣੀ ਅਤੇ ਖਾਣ ਲਈ ਨਰਮ ਪੱਠੇ ਦੇਣੇ ਚਾਹੀਦੇ ਹਨ। ਜੇਕਰ ਲਵੇਰੀ ਬੈਠਣ ਦੀ ਬਜਾਏ ਇੱਕ ਪਾਸੇ ਨੂੰ ਲੇਟੀ ਹੋਵੇ ਤਾਂ ਉਸਨੂੰ ਬੈਠਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਿਸੇ ਬੋਰੀ ਵਿੱਚ ਤੂੜੀ ਭਰਕੇ ਉਸਦਾ ਮੂੰਹ ਬੰਨ ਲੈਣਾ ਚਾਹੀਦਾ ਹੈ। ਲਵੇਰੀ ਨੂੰ ਬੈਠਾ ਕੇ ਉਸਦੇ ਇਕ ਪਾਸੇ ਮੋਢਿਆਂ ਤੋਂ ਪਿਛਾਂਹ ਇਹ ਬੋਰੀ ਰੱਖ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਲਵੇਰੀ ਬੋਰੀ ਦੇ ਸਹਾਰੇ ਬੈਠੀ ਰਹੇਗੀ। ਅਜਿਹੀ ਕਰਨ ਨਾਲ ਲਵੇਰੀ ਨੂੰ ਸਾਹ ਲੈਣ ਵਿੱਚ ਆਸਾਨੀ ਰਹੇਗੀ। ਉਝਰੀ ਵਿਚਲੇ ਤਰਲ ਪਦਾਰਥ ਦਾਂ ਸਾਹ ਵਾਲੀ ਨਾਲੀ ਵਿੱਚ ਜਾਣ ਤੋਂ ਵੀ ਬਚਾਅ ਰਹਿੰਦਾ ਹੈ। ਅਗਲੀਆਂ ਲੱਤਾਂ ਦੇ ਸਹਾਰੇ ਲਵੇਰੀ ਉੱਠਣ ਦੀ ਵੀ ਕੋਸ਼ਿਸ਼ ਕਰੇਗੀ। ਬੈਠੀ ਹੋਈ ਲਵੇਰੀ ਵਿੱਚ ਅਫਾਰਾ ਹੋਣ ਦੇ, ਲੇਟਣ ਵਾਲੀ ਸਥਿਤੀ ਨਾਲੋਂ ਘੱਟ ਆਸਾਰ ਹੁੰਦੇ ਹਨ। ਬੈਠੀ ਹੋਈ ਲਵੇਰੀ ਦਾ ਥੋੜੀ ਥੋੜੀ ਦੇਰ ਬਾਅਦ ਪਾਸਾ ਬਦਲਦੇ ਰਹਿਣਾ ਚਾਹੀਦਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਰੀਰ ਦੇ ਹੇਠਲੇ ਹਿਸਿਆਂ ਵਿੱਚ ਖੂਨ ਦਾ ਦੌਰਾ ਰੁੱਕ ਜਾਵੇਗਾ, ਜਿਸ ਨਾਲ ਮਾਸ-ਪੇਸ਼ੀਆਂ ਅਤੇ ਨਾੜੀਆਂ ਦਾ ਕਾਫੀ ਨੁਕਸਾਨ ਹੋ ਸਕਦਾ ਹੈ। ਸਰੀਰ ਦੀ ਦਾਬ ਕਾਰਣ ਚਮੜੀ ਉੱਪਰ ਜ਼ਖਮ ਹੋ ਸਕਦੇ ਹਨ। ਬੈਠੀ ਹੋਈ ਲਵੇਰੀ ਦੇ ਆਸ-ਪਾਸ ਦੀ ਜਗ੍ਹਾ ਸਾਫ-ਸੁਥਰੀ ਅਤੇ ਸੁੱਕੀ ਹੋਣੀ ਚਾਹੀਦੀ ਹੈ। ਜਗ੍ਹਾ ਗਿੱਲ੍ਹੀ ਹੋਣ ਦੀ ਸੂਰਤ ਵਿੱਚ ਉਸਨੂੰ ਕਿਸੇ ਸੁੱਕੀ ਜਗ੍ਹਾ ਤੇ ਪਹੁੰਚਾਉਣਾ ਚਾਹੀਦਾ ਹੈ। ਪਰ ਉਸਨੂੰ ਪੱਕੇ ਫਰਸ਼ ਉੱਪਰ ਘਸੀਟਣਾਂ ਨਹੀਂ ਚਾਹੀਦਾ। ਚੌੜੇ ਫੱਟਿਆਂ ਜਾਂ ਮੰਜੇ ਦੀ ਨਵਾਰ ਦੀ ਮੱਦਦ ਨਾਲ ਉਸਨੂੰ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਤੇ ਪਹੁੰਚਾਇਆ ਜਾ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ ਪਸ਼ੂ ਦੀ ਰੀੜ ਉਪਰ ਬੋਝ ਨਹੀਂ ਪੈਂਦਾ। ਕੋਸ਼ਿਸ਼ ਇਹ ਵੀ ਹੋਣੀ ਚਾਹੀਦੀ ਹੈ ਲੰਬੇ ਸਮੇਂ ਤੱਕ ਬੈਠਣ ਕਰਕੇ ਪਸ਼ੂ ਦੇ ਹੇਠਲੇ ਹਿੱਸਿਆਂ ਉੱਪਰ ਜ਼ਖਮ ਨਾ ਹੋਣ। ਬਿਮਾਰ ਪਸ਼ੂ ਨੂੰ ਹਰ ਹਾਲਤ ਵਿੱਚ ਬਾਕੀ ਪਸ਼ੂਆਂ ਤੋਂ ਅਲੱਗ ਰੱਖਣਾ ਚਾਹੀਦਾ ਹੈ। ਦਰਦ ਨਿਵਾਰਕ ਦਵਾਈਆਂ ਅਤੇ ਆਰਾਮ ਦਵਾਉਣ ਨਾਲ ਪਸ਼ੂ ਨੂੰ ਕਾਫੀ ਰਾਹਤ ਮਹਿਸੂਸ ਹੁੰਦੀ ਹੈ। ਉਮੀਦ ਕਰਦੇ ਹਾਂ ਕਿ ਪਸ਼ੂ-ਪਾਲਕ ਵੀਰ ਇਸ ਗੱਲ ਦਾ ਖਾਸ ਖਿਆਲ ਰੱਖਣਗੇ ਕਿ ਜਦੋਂ ਕਦੇ ਵੀ ਪਸ਼ੂ ਨੂੰ ਡੰਡਾ ਮਾਰਨ ਦੀ ਨੌਬਤ ਆਵੇ ਉਹ ਡੰਡਾ ਭੁੱਲ ਕੇ ਕਮਰੋੜ ਉੱਪਰ ਨਹੀਂ ਮਾਰਨਗੇ। ਅਜਿਹਾ ਕਰਨ ਨਾਲ ਉਹ ਆਪਣੇ ਪਸ਼ੂਆਂ ਦੀ ਤੰਦਰੁਸਤੀ ਯਕੀਨੀ ਬਣਾਉਣਗੇ ਅਤੇ ਆਪਣੇ ਕਿੱਤੇ ਨੂੰ ਹੋਰ ਪ੍ਰਫੁੱਲਤ ਕਰਨਗੇ।

*ਰਾਕੇਸ਼ ਕੁਮਾਰ ਸ਼ਰਮਾ ਅਤੇ*
*ਗਗਨਦੀਪ ਸਿੰਘ, ਖੇਤਰੀ ਖੋਜ ਅਤੇ*
*ਸਿਖਲਾਈ ਕੇਂਦਰ, ਤਲਵਾੜਾ*



ਪੰਜਾਬ ਵਿੱਚ ਵੱਖ-ਵੱਖ ਸਦਾਬਹਾਰੀ ਫਲਦਾਰ ਬੂਟਿਆਂ ਦੀ ਕਾਸ਼ਤ ਲਈ ਕੁੱਝ ਢੁੱਕਵੇ ਇਲਾਕੇ ਸਿਫਾਰਿਸ਼ ਕੀਤੇ ਗਏ ਹਨ, ਜਿਵੇਂ ਕਿ ਨੀਮ ਪਹਾੜੀ ਇਲਾਕਿਆਂ 'ਚ ਅੰਬ, ਲੀਚੀ, ਕਿੰਨੂ ਅਤੇ ਹੋਰ ਸੰਤਰੇ, ਅਮਰੂਦ, ਚੀਕੂ, ਕਾਗਜ਼ੀ ਨਿੰਬੂ, ਬਾਰਾਮਾਸੀ ਨਿੰਬੂ, ਆਮਲਾ ਅਤੇ ਲੁਕਾਠ ਲਗਾਏ ਜਾ ਸਕਦੇ ਹਨ । ਕੇਂਦਰੀ ਇਲਾਕਿਆਂ 'ਚ ਅਮਰੂਦ, ਅੰਬ, ਕਿੰਨੂ, ਆਮਲਾ, ਹੋਰ ਸੰਤਰੇ, ਬੇਰ, ਮਾਲਟਾ, ਕਾਗਜ਼ੀ ਨਿੰਬੂ ਅਤੇ ਬਾਰਾਮਾਸੀ ਨਿੰਬੂ ਨੂੰ ਲਗਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਸੇਂਜੂ ਖੁਸ਼ਕ ਇਲਾਕਿਆਂ 'ਚ ਕਿੰਨੂ ਅਤੇ ਹੋਰ ਸੰਤਰੇ, ਮਾਲਟਾ, ਅਮਰੂਦ, ਆਂਵਲਾ, ਬੇਰ, ਗਰੇਪਫਰੂਟ, ਕਾਗਜ਼ੀ ਨਿੰਬੂ, ਬਾਰਾਮਾਸੀ ਨਿੰਬੂ ਅਤੇ ਖਜੂਰ ਲਗਾਏ ਜਾ ਸਕਦੇ ਹਨ । ਕੰਢੀ ਦੇ ਇਲਾਕੇ 'ਚ ਅਮਰੂਦ, ਬੇਰ, ਆਮਲਾ, ਅੰਬ, ਗਲਗਲ, ਕਿੰਨੂ ਅਤੇ ਹੋਰ ਸੰਤਰੇ, ਕਾਗਜ਼ੀ ਨਿੰਬੂ ਅਤੇ ਬਾਰਾਮਾਸੀ ਨਿੰਬੂ ਅਤੇ ਬੇਟ ਦੇ ਇਲਾਕੇ 'ਚ ਅਮਰੂਦ, ਕੇਲਾ ਅਤੇ ਬੇਰ ਲਗਾਏ ਜਾ ਸਕਦੇ ਹਨ ।

# ਸਦਾਬਹਾਰੀ ਫਲਦਾਰ ਬੂਟਿਆਂ ਦੀ ਚੋਣ ਅਤੇ ਲਗਾਉਣ ਦੇ ਕੁਝ ਨੁਕਤੇ

**ਸੁਖਜੀਤ ਕੌਰ ਅਤੇ ਭੁਪਿੰਦਰ ਸਿੰਘ ਢਿਲੋਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਖੇਤਰੀ ਖੋਜ ਕੇਂਦਰ, ਗੁਰਦਾਸਪੁਰ ।**

ਪੰਜਾਬ 'ਚ ਕਣਕ-ਝੋਨੇ ਦੇ ਫਸਲੀ ਚੱਕਰ ਰਾਹੀਂ ਲਗਾਤਾਰ ਧਰਤੀ ਹੇਠਲਾ ਪਾਣੀ ਦਾ ਪੱਧਰ ਘਟਦਾ ਜਾ ਰਿਹਾ ਹੈ, ਜਿਸ ਨੂੰ ਬਾਗਬਾਨੀ ਦਾ ਧੰਦਾ ਅਪਣਾਉਣ ਨਾਲ ਕਾਬੂ 'ਚ ਕੀਤਾ ਜਾ ਸਕਦਾ ਹੈ । ਨਵਾਂ ਬਾਗ ਲਗਾਉਣ ਤੋਂ ਪਹਿਲਾਂ ਬਾਗ ਦੀ ਢੁੱਕਵੀਂ ਵਿਉਂਤਬੰਦੀ ਕਰ ਲੈਣੀ ਚਾਹੀਦੀ ਹੈ, ਕਿਉਂਕਿ ਬਾਗ 'ਚ ਕਾਸ਼ਤ ਇਕ ਲੰਮੇ ਸਮੇਂ ਦਾ ਧੰਦਾ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਨੁਸਾਰ ਪੰਜਾਬ 'ਚ ਇਸ ਮੌਸਮ (ਫਰਵਰੀ-ਮਾਰਚ) 'ਚ ਸਦਾ ਬਹਾਰੀ ਫਲਦਾਰ ਬੂਟਿਆਂ ਨੂੰ ਲਗਾਉਣ ਦੀ ਸਿਫਾਰਸ਼ ਕੀਤੀ ਗਈ ਹੈ । ਪੰਜਾਬ ਵਿੱਚ ਵੱਖ-ਵੱਖ ਸਦਾਬਹਾਰੀ ਫਲਦਾਰ ਬੂਟਿਆਂ ਦੀ ਕਾਸ਼ਤ ਲਈ ਕੁੱਝ ਢੁੱਕਵੇ ਇਲਾਕੇ ਸਿਫਾਰਿਸ਼ ਕੀਤੇ ਗਏ ਹਨ, ਜਿਵੇਂ ਕਿ ਨੀਮ ਪਹਾੜੀ ਇਲਾਕਿਆਂ 'ਚ ਅੰਬ, ਲੀਚੀ, ਕਿੰਨੂ ਅਤੇ ਹੋਰ ਸੰਤਰੇ, ਅਮਰੂਦ, ਚੀਕੂ, ਕਾਗਜ਼ੀ ਨਿੰਬੂ, ਬਾਰਾਮਾਸੀ ਨਿੰਬੂ, ਆਮਲਾ ਅਤੇ ਲੁਕਾਠ ਲਗਾਏ ਜਾ ਸਕਦੇ ਹਨ । ਕੇਂਦਰੀ ਇਲਾਕਿਆਂ 'ਚ ਅਮਰੂਦ, ਅੰਬ, ਕਿੰਨੂ, ਆਮਲਾ, ਹੋਰ ਸੰਤਰੇ, ਬੇਰ, ਮਾਲਟਾ, ਕਾਗਜ਼ੀ ਨਿੰਬੂ ਅਤੇ ਬਾਰਾਮਾਸੀ ਨਿੰਬੂ ਨੂੰ ਲਗਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਸੇਂਜੂ ਖੁਸ਼ਕ ਇਲਾਕਿਆਂ 'ਚ ਕਿੰਨੂ ਅਤੇ ਹੋਰ ਸੰਤਰੇ, ਮਾਲਟਾ, ਅਮਰੂਦ, ਆਂਵਲਾ, ਬੇਰ, ਗਰੇਪਫਰੂਟ, ਕਾਗਜ਼ੀ ਨਿੰਬੂ, ਬਾਰਾਮਾਸੀ ਨਿੰਬੂ ਅਤੇ ਖਜੂਰ ਲਗਾਏ ਜਾ ਸਕਦੇ ਹਨ । ਕੰਢੀ ਦੇ ਇਲਾਕੇ 'ਚ ਅਮਰੂਦ, ਬੇਰ, ਆਮਲਾ, ਅੰਬ, ਗਲਗਲ, ਕਿੰਨੂ ਅਤੇ ਹੋਰ ਸੰਤਰੇ, ਕਾਗਜ਼ੀ ਨਿੰਬੂ ਅਤੇ ਬਾਰਾਮਾਸੀ ਨਿੰਬੂ ਅਤੇ ਬੇਟ ਦੇ ਇਲਾਕੇ 'ਚ ਅਮਰੂਦ, ਕੇਲਾ ਅਤੇ ਬੇਰ ਲਗਾਏ ਜਾ ਸਕਦੇ ਹਨ ।

## ਜ਼ਮੀਨ ਦੀ ਚੋਣ




ਫਲਦਾਰ ਬੂਟੇ ਲਾਉਣ ਲਈ ਜ਼ਮੀਨ ਡੂੰਘੀ, ਚੰਗੇ ਪਾਣੀ ਦੇ ਨਿਕਾਸ ਵਾਲੀ, ਦਰਮਿਆਨੀ, ਭਾਰੀ ਅਤੇ ਉਪਜਾਊ ਹੋਣੀ ਚਾਹੀਦੀ ਹੈ । ਇਸ ਦੀ 2 ਮੀਟਰ ਤੱਕ ਦੀ ਡੂੰਘਾਈ ਤੱਕ ਕੋਈ ਰੋੜ ਜਾਂ ਸਖਤ ਤਹਿ ਨਹੀਂ ਹੋਣੀ ਚਾਹੀਦੀ ਹੈ । ਇਸ 'ਚ ਕੋਈ ਰੋੜ ਜਾਂ ਸਖਤ ਤਹਿ ਨਹੀਂ ਹੋਣੀ ਚਾਹੀਦੀ ਹੈ । ਇਸ ਵਿਚ ਕੋਈ ਲੂਣਾ ਜਾਂ ਤੇਜ਼ਾਬੀਪਣ ਨਹੀਂ ਹੋਣਾ ਚਾਹੀਦਾ । ਫਲਦਾਰ ਬੂਟਿਆਂ ਵਾਲੀ ਜ਼ਮੀਨ ਦੀ ਹੇਠਲੀ ਤਹਿ ਤੇ ਤੱਤਾਂ ਦਾ ਦਰਜਾ ਅਤੇ ਹੋਰ ਹਾਲਤਾਂ ਵੀ ਫਲਦਾਰ ਬੂਟਿਆਂ ਦੇ ਵਾਧੇ ਲਈ ਬਹੁਤ ਜ਼ਰੂਰੀ ਹੈ । ਇਸ ਕਰਕੇ ਬਾਗ ਲਗਾਉਣ ਤੋਂ ਪਹਿਲਾਂ ਜ਼ਮੀਨ ਦੀ 2 ਮੀਟਰ ਦੀ ਡੂੰਘਾਈ ਤੱਕ ਪਰਖ ਕਰਵਾ ਲੈਣੀ ਚਾਹੀਦੀ ਹੈ । ਇਸ ਕੰਮ ਲਈ ਜ਼ਮੀਨ ਦੀ ਹਰ ਤਹਿ ਵਿੱਚੋਂ ਲੋਹੇ ਦੀ ਬੋਕੀ ਜਾਂ ਔਗਰ ਨਾਲ ਜਾਂ ਟੋਆ ਪੁੱਟ ਕੇ 500 ਗ੍ਰਾਮ ਮਿੱਟੀ ਦਾ ਨਮੂਨਾ ਲਓ । ਫਿਰ ਇਹ ਨਮੂਨੇ ਨੇੜੇ ਦੇ ਕਿਸੇ ਸਰਕਾਰੀ ਅਤੇ ਪੰਜਾਬ ਖੇਤੀਬਾੜੀ ਵਿਭਾਗ ਦੀ ਮਿੱਟੀ ਪਰਖ ਪ੍ਰਯੋਗਸ਼ਾਲਾ ਜਾਂ ਆਪਣੇ ਜ਼ਿਲ੍ਹੇ ਦੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਭੂਮੀ ਵਿਗਿਆਨ ਮਾਹਿਰ ਨੂੰ ਭੇਜ ਦਿਓ । ਇਸ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਉਸ ਜ਼ਮੀਨ ਦੇ ਅਨੁਕੂਲ ਅਤੇ ਬਾਗਬਾਨੀ ਮਾਹਿਰਾਂ ਦੀ ਸਲਾਹ ਅਨੁਸਾਰ ਹੀ ਬਾਗ ਲਗਾਉਣ ਦੀ ਵਿਉਂਤਬੰਦੀ ਕਰੋ ।

## ਫਲਦਾਰ ਬੂਟਿਆਂ ਦੀ ਚੋਣ ਅਤੇ ਖਰੀਦ

ਇਸ ਮੌਸਮ ਵਿੱਚ ਵੱਖ-ਵੱਖ ਸਦਾਬਹਾਰੀ ਫਲਦਾਰ ਬੂਟਿਆਂ ਦੀਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਵੱਖ-ਵੱਖ ਕਿਸਮਾਂ ਨੂੰ ਲਗਾਉਣ ਦੀ ਸਿਫਾਰਸ਼ ਕੀਤੀ ਗਈ ਹੈ । ਸੰਤਰਾ ਵਿੱਚ ਪੀ ਏ ਯੂ ਕਿੰਨੂ-1, ਡੇਜ਼ੀ, ਡਬਲਯੂ ਮਰਕਟ ਕਿੰਨੂ, ਦੇਸੀ ਸੰਤਰਾ, ਮਾਲਟਾ ਵਿੱਚ, ਅਰਲੀ ਗੋਲਡ, ਵਲੈਨਸ਼ੀਆ, ਮੁਸੰਮੀ, ਜਾਫਾ, ਬਲੱਡ ਰੈੱਡ; ਗਰੇਪਫਰੂਟ ਵਿੱਚ ਸਟਾਰ ਰੂਬੀ, ਰੈੱਡਬਲੱਸ਼, ਮਾਰਸ਼ ਸੀਡਲੈੱਸ, ਡੰਕਨ, ਫੌਸਟਰ; ਲੈਮਨ ਵਿੱਚ ਪੰਜਾਬ ਬਾਰਾਮਾਸੀ ਨਿੰਬੂ, ਪੰਜਾਬ ਗਲਗਲ, ਪੀ ਏ ਯੂ ਬਾਰਾਮਾਸੀ ਨਿੰਬੂ-1, ਯੂਰੇਕਾ, ਨਿੰਬੂ ਵਿੱਚ ਕਾਗਜ਼ੀ, ਮਿੱਠਾ ਵਿੱਚ ਦੇਸੀ, ਅਮਰੂਦ ਵਿੱਚ, ਪੰਜਾਬ ਐਪਲ ਅਮਰੂਦ, ਪੰਜਾਬ ਕਿਰਨ, ਪੰਜਾਬ ਸਫੈਦਾ, ਸ਼ਵੇਤਾ, ਪੰਜਾਬ-ਪਿੰਕ, ਅਰਕਾ ਅਮੂਲਿਆ, ਸਰਦਾਰ, ਅਲਾਹਾਬਾਦ ਸਫੈਦਾ; ਅੰਬ ਵਿੱਚ ਅਲਫੈਂਜ਼ੋ, ਦੁਸਹਿਰੀ, ਲੰਗੜਾ, ਗੰਗੀਆ ਸੰਧੂਰੀ, ਜੀ ਐਨ-1, ਜੀ ਐਨ-2, ਜੀ ਐਨ-3, ਜੀ ਐਨ-4, ਜੀ ਐਨ-5, ਜੀ ਐਨ-6, ਜੀ ਐਨ-7 ; ਬੇਰ ਵਿੱਚ ਵਲੈਤੀ, ਉਮਰਾਨ, ਸਨੌਰ-2, ਲੀਚੀ ਵਿੱਚ ਦੇਹਰਾਦੂਨ, ਕਲਕੱਤੀਆ, ਸੀਡਲੈਸ ਲੇਟ, ਆਂਵਲਾ ਵਿੱਚ ; ਬਲਵੰਤ, ਨੀਲਮ, ਕੰਚਨ, ਚੀਕੂ ਵਿੱਚ ਕਾਲੀਪੱਤੀ, ਕ੍ਰਿਕਟਬਾਲ, ਪਪੀਤਾ ਵਿੱਚ ; ਰੈੱਡ ਲੇਡੀ-786, ਪੰਜਾਬ ਸਵੀਟ, ਪੂਸਾ ਡਲੀਸ਼ੀਅਸ, ਪੂਸਾ ਡਵਾਰਫ, ਹਨੀਡਿਓ, ਲੁਕਾਠ ਵਿੱਚ ; ਕੈਲੇਫੋਰਨੀਆ ਐਡਵਾਂਸ, ਗੋਲਡਨ ਯੈਲੋ, ਪੇਲ ਯੈਲੋ; ਕੇਲਾ ਵਿਚ ਗਰੈਂਡ ਨੈਨ, ਖਜੂਰ ਵਿਚ ਹਲਾਵੀ, ਬਰੀ ਅਤ ਬਿੱਲ ਵਿੱਚ ਕਾਗਜ਼ੀ ਕਿਸਮਾਂ ਲਗਾਈਆਂ ਜਾ ਸਕਦੀਆਂ ਹਨ । ਇਹ ਬੂਟੇ ਵਧੀਆ ਨਸਲ ਦੇ, ਚੰਗੀ ਮਿੱਟੀ ਦੀ ਗਾਚੀ ਅਤੇ ਕਾਫੀ ਜੜ੍ਹਾਂ ਵਾਲੇ, ਸਿਹਤਮੰਦ, ਕੀੜਿਆਂ ਅਤੇ ਬਿਮਾਰੀਆਂ ਤੋਂ ਰਹਿਤ, ਨਰੋਏ ਅਤੇ ਦਰਮਿਆਨੀ ਉਚਾਈ ਵਾਲੇ ਹੋਣੇ ਚਾਹੀਦੇ ਹਨ । ਇਨ੍ਹਾਂ ਦੀ ਖਰੀਦ ਕਰਨ ਲੱਗੇ ਇਸ ਗੱਲ ਦਾ ਧਿਆਨ ਜ਼ਰੂਰ ਰੱਖੋ ਕਿ ਇਨ੍ਹਾਂ ਦੀ ਮਿੱਟੀ ਦੀ ਗਾਚੀ ਟੁੱਟੀ ਨਾ ਹੋਵੇ, ਪਿਉਂਦ ਸਹੀ ਜੜ੍ਹ-ਮੁੱਢ 'ਤੇ ਕੀਤੀ ਹੋਵੇ, ਪਿਉਂਦੀ ਜੋੜ ਪੱਧਰਾ ਹੋਵੇ ਅਤੇ ਬਹੁਤ ਉੱਚਾ ਨਾ ਹੋਵੇ । ਸਿਫਾਰਿਸ਼ ਕੀਤੀਆਂ ਫਲਦਾਰ ਬੂਟਿਆਂ ਦੀਆਂ ਕਿਸਮਾਂ ਕਿਸੇ ਸਰਕਾਰੀ ਮਨਜ਼ੂਰਸ਼ੁਦਾ ਨਰਸਰੀਆਂ, ਬਾਗਬਾਨੀ ਵਿਭਾਗ ਦੀਆਂ ਨਰਸਰੀਆਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਇਸ ਦੇ ਖੇਤਰੀ ਖੋਜ ਕੇਂਦਰਾਂ ਅਬੋਹਰ, ਬਠਿੰਡਾ, ਬਹਾਦਰਗੜ੍ਹ (ਪਟਿਆਲਾ), ਗੰਗੀਆਂ (ਹੁਸ਼ਿਆਰਪੁਰ), ਗੁਰਦਾਸਪੁਰ, ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) ਅਤੇ ਜੱਲੋਵਾਲ, ਲੇਸੜੀਵਾਲ (ਜਲੰਧਰ) ਤੋਂ ਹੀ ਖਰੀਦਣੀਆਂ ਚਾਹੀਦੀਆਂ ਹਨ ।





## ਫਲਦਾਰ ਬੂਟਿਆਂ ਵਿਚਕਾਰ ਫਾਸਲਾ

ਫਲਦਾਰ ਬੂਟਿਆਂ ਵਿਚਕਾਰ ਸਹੀ ਫਾਸਲਾ, ਜਿੱਥੇ ਧੁੱਪ ਅਤੇ ਹਵਾ ਦਾ ਵਧੀਆ ਨਿਕਾਸ ਕਰਦਾ ਹੈ, ਉੱਥੇ ਹੀ ਬੂਟਿਆਂ ਦੀ ਵਧੇਰੇ ਝਾੜ ਅਤੇ ਵਧੀਆ ਗੁਣਵੱਤਾ ਵਾਲੇ ਫਲ ਦੇਣ ਦੀ ਸਮਰੱਥਾ ਨੂੰ ਵਧਾਉਂਦਾ ਹੈ । ਨਿੰਬੂ ਜਾਤੀ ਦੇ ਬੂਟਿਆਂ ਸਮੇਤ ਕਿੰਨੂ ਆਮ ਪ੍ਰਣਾਲੀ ਰਾਹੀਂ 6×6 ਮੀਟਰ (110 ਬੂਟੇ ਪ੍ਰਤੀ ਏਕੜ), ਕਿੰਨੂ ਸੰਘਣੀ ਪ੍ਰਣਾਲੀ



ਰਾਹੀਂ 6×3 ਮੀਟਰ (220 ਬੂਟੇ ਪ੍ਰਤੀ ਏਕੜ), ਅਮਰੂਦ ਆਮ ਪ੍ਰਣਾਲੀ ਰਾਹੀਂ 6×6 ਮੀਟਰ (110 ਬੂਟੇ ਪ੍ਰਤੀ ਏਕੜ), ਅਮਰੂਦ ਸੰਘਣੀ ਪ੍ਰਣਾਲੀ ਰਾਹੀਂ 6×5 ਮੀਟਰ (132 ਬੂਟੇ ਪ੍ਰਤੀ ਏਕੜ), ਅੰਬ/ਚੀਕੂ 9×9 ਮੀਟਰ (49 ਬੂਟੇ ਪ੍ਰਤੀ ਏਕੜ), ਲੁਕਾਠ 6.5×6.5 ਮੀਟਰ (90 ਬੂਟੇ ਪ੍ਰਤੀ ਏਕੜ), ਬੇਰ/ਲੀਚੀ/ਆਂਵਲਾ 7.5×7.5 ਮੀਟਰ (72 ਬੂਟੇ ਪ੍ਰਤੀ ਏਕੜ) ਅਤੇ ਪਪੀਤਾ 1.5×1.5 ਮੀਟਰ (1760 ਬੂਟੇ ਪ੍ਰਤੀ ਏਕੜ) ਦਾ ਕਤਾਰਾਂ × ਬੂਟਿਆਂ ਦਾ ਫਾਸਲਾ ਰੱਖ ਕੇ ਲਗਾਉਣੇ ਚਾਹੀਦੇ ਹਨ ।

## ਨਵੇਂ ਲਗਾਏ ਫਲਦਾਰ ਬੂਟਿਆਂ ਦੀ ਸਾਂਭ-ਸੰਭਾਲ

ਨਵੇਂ ਲਗਾਏ ਫਲਦਾਰ ਬੂਟਿਆਂ ਨੂੰ ਸਿੱਧੇ ਰੱਖਣ ਲਈ ਸੋਟੀ ਦਾ ਸਹਾਰਾ ਦਿਓ । ਬੂਟਿਆਂ ਨੂੰ ਲੋੜ ਅਨੁਸਾਰ ਥੋੜ੍ਹੇ-ਥੋੜ੍ਹੇ ਅੰਤਰਾਲ 'ਤੇ ਪਾਣੀ ਲਗਾਉ । ਪਰ ਇਨ੍ਹਾਂ ਨੂੰ ਜ਼ਿਆਦਾ ਮਾਤਰਾ ਵਿਚ ਪਾਣੀ ਨਾ ਲਗਾਉ । ਬੂਟਿਆਂ ਦੀ ਜੜ੍ਹ ਤੋਂ ਫੁੱਟਣ ਵਾਲੀਆਂ ਟਹਿਣੀਆਂ ਅਤੇ ਸੁੱਕੀਆਂ ਅਤੇ ਰੋਗੀ ਟਹਿਣੀਆਂ ਨੂੰ ਸਮੇਂ-ਸਮੇਂ ਸਿਰ ਕੱਟਦੇ ਰਹੋ । ਗਰਮੀ ਅਤੇ ਸਰਦੀ ਦੇ ਮਾੜੇ ਅਸਰ ਤੋਂ ਇਨ੍ਹਾਂ ਦਾ ਬਚਾਅ ਕਰੋ । ਜੇਕਰ ਬੂਟਿਆ ਨੂੰ ਸਿਉਂਕ ਦਾ ਹਮਲਾ ਹੋਣ ਲੱਗੇ ਤਾਂ ਇਨ੍ਹਾਂ ਨੂੰ ਅੱਧਾ ਲੀਟਰ ਕਲੋਰੋਪਾਈਰੀਫਾਸ 20 ਈ. ਸੀ. ਪ੍ਰਤੀ ਏਕੜ ਦੇ ਹਿਸਾਬ ਪਾ ਦਿਉ ਅਤੇ ਬਾਅਦ ਵਿਚ ਹਲਕਾ ਜਿਹਾ ਪਾਣੀ ਲਾ ਦਿਓ ।

## ਹਵਾ ਰੋਕੂ ਵਾੜ ਲਗਾਉਣਾ

ਬਾਗ ਨੂੰ ਗਰਮ ਅਤੇ ਸਰਦ ਹਵਾਵਾਂ ਤੋਂ ਬਚਾਅ ਲਈ ਹਵਾ ਵਾਲੇ ਪਾਸੇ ਸਫੈਦਾ, ਅਰਜਨਾ, ਜਾਮਨ, ਅੰਬ, ਸ਼ਹਿਤੂਤ ਆਦਿ ਬੂਟਿਆਂ ਦੀ ਵਾੜ ਲਗਾਉ । ਇਨ੍ਹਾਂ ਹਵਾ ਰੋਕੂ ਵਾੜ ਦੇ ਤੌਰ 'ਤੇ ਲਗਾਏ ਗਏ ਦਰੱਖਤਾਂ ਦੇ ਵਿਚਕਾਰ ਬੋਗਨਵਿਲਿਆ, ਜੱਟੀ-ਖੱਟੀ, ਗਲਗਲ, ਕਰੋਂਦਾ ਆਦਿ ਬੂਟਿਆਂ ਦੀ ਵਾੜ ਵੀ ਲਗਾ ਦੇਣੀ ਚਾਹੀਦੀ ਹੈ । ਪਰ ਇਹ ਧਿਆਨ ਵਿਚ ਰੱਖੋ ਕਿ ਨਿੰਬੂ ਜਾਤੀ ਦੇ ਬਾਗਾਂ ਦੁਆਲੇ ਨਿੰਬੂ ਜਾਤੀ ਦੇ ਬੂਟਿਆਂ ਦੀ ਵਾੜ ਨਹੀਂ ਲਗਾਉਣੀ ਚਾਹੀਦੀ ਹੈ ।



# ਜਲ ਸੰਕਟ ਨੂੰ ਠੱਲ੍ਹਣਾ ਬੇਹੱਦ ਜ਼ਰੂਰੀ

**ਪੰਜਾਬ ਵਿਚ ਪਾਣੀ ਦੇ ਸੋਮਿਆਂ ਨੂੰ ਅੱਜ ਦੂਹਰੀ ਮਾਰ ਪੈ ਰਹੀ ਹੈ । ਪਹਿਲਾਂ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਬਹੁਤ ਤੇਜ਼ੀ ਨਾਲ ਨੀਵਾਂ ਜਾਣ ਅਤੇ ਦੂਸਰਾ ਮੌਜੂਦਾ ਪਾਣੀ ਵਿਚ ਵਧਦਾ ਪ੍ਰਦੂਸ਼ਣ । ਖੇਤੀ ਪ੍ਰਧਾਨ ਸੂਬੇ 'ਚ ਪਾਣੀ ਦਾ ਪੱਧਰ ਜਿਸ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ, ਇਸ ਦਾ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਨੂੰ ਹੀ ਹੋ ਰਿਹਾ ਹੈ ।**

ਬਾਈ ਮਾਰਚ ਦਾ ਦਿਨ 'ਵਿਸ਼ਵ ਜਲ ਦਿਵਸ' ਵਜੋਂ ਮਨਾਇਆ ਜਾਂਦਾ ਹੈ । ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿਚ ਮਤਾ ਪਾਰ ਕਰ ਕੇ ਪਾਣੀ ਦੀ ਮਹੱਤਤਾ ਨੂੰ ਸਮਝਦੇ ਹੋਏ ਅਤੇ ਪਾਣੀ ਦੀ ਪੂਰੇ ਵਿਸ਼ਵ ਵਿਚ ਮੌਜੂਦਾ ਸਥਿਤੀ 'ਤੇ ਚਿੰਤਾ ਪ੍ਰਗਟ ਕਰਦੇ ਹੋਏ 22 ਮਾਰਚ 1993 ਨੂੰ ਪਹਿਲੀ ਵਾਰ ਵਿਸ਼ਵ ਜਲ ਦਿਵਸ ਮਨਾਉਣ ਮੌਕੇ ਪਾਣੀ ਦੀ ਬੱਚਤ ਅਤੇ ਪਾਣੀ ਨੂੰ ਪ੍ਰਦੂਸ਼ਣ ਮੁਕਤ ਕਰਨ ਦਾ ਸੰਦੇਸ਼ ਦਿੱਤਾ ਗਿਆ ।

ਮਨੁੱਖ ਤੇ ਜੀਵ-ਜੰਤੂਆਂ ਲਈ ਪਾਣੀ ਸਭ ਤੋਂ ਕੀਮਤੀ ਕੁਦਰਤੀ ਤੋਹਫਾ ਹੈ ।

ਪਾਣੀ ਦੀ ਕਦਰ ਸਿਰਫ ਕੀਮਤ ਦੇ ਪੱਖ ਤੋਂ ਹੀ ਨਹੀਂ ਬਲਕਿ ਵਾਤਾਵਰਨ, ਸਮਾਜਿਕ ਅਤੇ ਸੱਭਿਆਚਾਰਕ ਮਹੱਤਵ ਦੇ ਪੱਖ ਤੋਂ ਵੀ ਹੈ । ਇਸ ਲਈ ਹੀ ਤਾਂ ਵਿਸ਼ਵ ਪੱਧਰ 'ਤੇ ਇਹ ਟੀਚਾ ਨਿਸ਼ਚਿਤ ਕੀਤਾ ਗਿਆ ਹੈ ਕਿ ਵਿਸ਼ਵ ਦੇ 220 ਕਰੋੜ ਤੋਂ ਵੱਧ ਲੋਕ ਜਿਨ੍ਹਾਂ ਨੂੰ ਸ਼ੁੱਧ ਪਾਣੀ ਉਪਲੱਬਧ ਨਹੀਂ ਹੈ, ਉਨ੍ਹਾਂ ਨੂੰ 2030 ਤੱਕ ਸ਼ੁੱਧ ਪਾਣੀ ਉਪਲਬਧ ਕਰਵਾਉਣਾ ਹੈ । ਇਸ ਉਦੇਸ਼ ਨਾਲ ਸੋਸ਼ਲ ਮੀਡੀਆ ਰਾਹੀਂ ਡਿਜੀਟਲ ਮੁਹਿੰਮ ਪੂਰੇ ਵਿਸ਼ਵ ਵਿਚ ਚਲਾ ਕੇਜਾਗਰੂਕਤਾ ਫੈਲਾਉਣ ਦੇ ਯਤਨ ਕੀਤੇ ਜਾ ਰਹੇ ਹਨ । ਪਾਣੀ ਤੋਂ ਬਿਨਾਂ ਜੀਵ-ਜੰਤੂਆਂ ਅਤੇ ਬਨਸਪਤੀ ਦਾ ਜ਼ਿੰਦਾ ਰਹਿਣਾ ਅਸੰਭਵ ਹੈ । ਅੱਜ ਤੋਂ ਸੈਂਕੜੇ ਸਾਲ ਪਹਿਲਾਂ ਵਿਗਿਆਨਕ ਸੋਚ ਵਾਲੇ ਗੁਰੂ ਨਾਨਕ ਦੇਵ ਜੀ ਨੇ ਕੁਦਰਤ ਦੇ ਇਸ ਅਨਮੋਲ ਤੋਹਫੇ ਦੀ ਅਹਿਮੀਅਤ ਬਾਰੇ ਸਾਨੂੰ ਜਾਗਰੂਕ ਕਰ ਦਿੱਤਾ ਸੀ । ਉਨ੍ਹਾਂ ਨੇ '**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**' ਦਾ ਸੰਦੇਸ਼ ਦੇ ਕੇ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ ।


ਜੇਕਰ ਜੀਵਨ ਦੀ ਉਤਪਤੀ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਸ ਦੀ ਸ਼ੁਰੂਆਤ ਪਾਣੀ ਵਿਚ ਹੀ ਹੋਈ ਮੰਨੀ ਜਾਂਦੀ ਹੈ । ਸਭ ਤੋਂ ਪਹਿਲਾਂ ਜੀਵਤ ਸੈੱਲ ਪਾਣੀ ਵਿਚ ਹੀ ਬਣਿਆ ਅਤੇ ਫਿਰ ਹੌਲੀ-ਹੌਲੀ ਇਹ ਜੀਵਨ ਪਾਣੀ ਤੋਂ ਰੇਂਗ ਕੇ ਧਰਾਤਲ ਉੱਪਰ ਆ ਗਿਆ । ਅੱਜ ਵੀ ਮਨੁੱਖੀ ਸਰੀਰ ਦਾ 70 ਪ੍ਰਤੀਸ਼ਤ ਭਾਗ ਪਾਣੀ ਹੀ ਹੈ । ਪਾਣੀ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ । ਇਹ ਸਾਡੇ ਜੀਵਨ ਦੀ ਮੁੱਢਲੀ ਜ਼ਰੂਰਤ ਹੈ ।

**'ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥'**

ਪਾਣੀ ਸਮਾਜਿਕ ਅਤੇ ਸਭਿਆਚਾਰਕ ਤਰੱਕੀ, ਵਾਤਾਵਰਨ ਅਤੇ ਕੁਦਰਤ ਦਾ ਸੰਤੁਲਨ, ਦੇਸ਼ ਦੀ ਆਰਥਿਕਤਾ ਦੀ ਮਜ਼ਬੂਤੀ ਅਤੇ ਤੰਦਰੁਸਤ ਮਾਨਸਿਕਤਾ ਦਾ ਆਧਾਰ ਹੈ । ਪਾਣੀ ਦੀ ਇੰਨੀ ਵੱਡੀ ਮਹੱਤਤਾ ਹੋਣ ਦੇ ਬਾਵਜੂਦ ਇਸ ਕੀਮਤੀ ਕੁਦਰਤੀ ਤੋਹਫੇ ਦੀ ਬੇਸਮਝੀ ਅਤੇ ਬੇਕਦਰੀ ਨਾਲ ਕੀਤੀ ਜਾ ਰਹੀ ਵਰਤੋਂ ਨਾਲ ਜਿੱਥੇ ਪਾਣੀ ਦੀ ਭਾਰੀ ਕਮੀ ਮਹਿਸੂਸ ਹੋ ਰਹੀ ਹੈ, ਉੱਥੇ ਹੀ ਇਸ ਦੀ ਗੁਣਵੱਤਾ ਵੀ ਘਾਟ ਅੱਜ ਚਿੰਤਾ ਦਾ ਬਹੁਤ ਵੱਡਾ ਵਿਸ਼ਾ ਬਣ ਚੁੱਕੀ ਹੈ । ਪਾਣੀ ਸਬੰਧੀ ਚਾਹੇ ਸੰਕਟ ਵਿਸ਼ਵ ਵਿਆਪੀ ਹੈ ਪ੍ਰੰਤੂ ਸਾਡੇ ਦੇਸ਼ ਵਿਚ ਕਮਜ਼ੋਰ ਜਲ ਨੀਤੀ ਤੇ ਵਰਤੋਂ ਦੇ ਗਲਤ ਤੌਰ-ਤਰੀਕਿਆਂ ਕਾਰਨ ਪਾਣੀ ਦੀ ਸਥਿਤੀ ਬਦਤਰ ਹੋ ਚੁੱਕੀ ਹੈ । ਗੁਰਬਾਣੀ ਵਿਚ ਦਰਜ ਹੈ :

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥**

ਤ੍ਰਾਸਦੀ ਇਹ ਹੈ ਕਿ ਸਾਡੇ ਪਾਣੀ ਦੇ ਸੋਮੇ ਤੇਜ਼ੀ ਨਾਲ ਖਤਮ ਹੋ ਰਹੇ ਹਨ । ਆਜ਼ਾਦੀ ਦੇ 75 ਸਾਲਾਂ 'ਚ ਖੇਤੀ ਸਿੰਜਾਈ ਅਤੇ ਪੀਣ ਵਾਲੇ ਪਾਣੀ ਦਾ ਸੰਕਟ 10 ਗੁਣਾ ਵਧ ਚੁੱਕਿਆ ਹੈ । ਕੁਦਰਤੀ ਸਾਧਨਾਂ ਦੀ ਸੰਭਾਲ ਕਰਨ ਦੀ ਥਾਂ ਅਸੀਂ ਪਦਾਰਥਵਾਦੀ ਸੋਚ ਕਾਰਨ ਲਾਲਚੀ ਬਣ ਕੇ ਲਾਭ ਕਮਾਉਣ ਵਾਲੇ ਪਾਸੇ ਤੁਰ ਪਏ । ਇਸ ਕਾਰਨ ਦੇਸ਼ ਦੇ ਦੋ ਤਿਹਾਈ ਤੋਂ ਵੱਧ ਪਾਣੀ ਦੇ ਸੋਮਿਆਂ ਦੇ ਭੰਡਾਰ ਖਤਮ ਕਰ ਚੁੱਕੇ ਹਨ । ਜੇ ਗੱਲ ਕਰੀਏ ਸਾਡੇ ਖੇਤੀ ਪ੍ਰਧਾਨ ਸੂਬੇ ਪੰਜਾਬ ਦੀ ਜਿਸ ਨਾਂ ਪੰਜ ਦਰਿਆਵਾਂ ਤੋਂ ਪਿਆ ਤੇ ਜਿਸ ਦੀ ਖੁਸ਼ਹਾਲੀ ਦਾ ਮੁੱਖ ਕਾਰਨ ਵੀ ਇਹ ਪਾਣੀ ਹੀ ਹੈ । ਪਰ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਪਾਣੀ ਦਾ ਅਜਿਹਾ ਗੰਭੀਰ ਸੰਕਟ ਦੇਖ ਕੇ ਲੱਗਦਾ ਹੈ ਕਿ ਜੇ ਹੁਣ ਵੀ ਨਾ ਸੰਭਲੇ ਤਾਂ ਪੰਜਾਬ ਜਲਦ ਹੀ ਰੇਗਿਸਤਾਨ ਬਣ ਜਾਵੇਗਾ ।



ਪੰਜਾਬ ਵਿਚ ਪਾਣੀ ਦੇ ਸੋਮਿਆਂ ਨੂੰ ਅੱਜ ਦੂਹਰੀ ਮਾਰ ਪੈ ਰਹੀ ਹੈ । ਪਹਿਲਾਂ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਬਹੁਤ ਤੇਜ਼ੀ ਨਾਲ ਨੀਵਾਂ ਜਾਣ ਅਤੇ ਦੂਸਰਾ ਮੌਜੂਦਾ ਪਾਣੀ ਵਿਚ ਵਧਦਾ ਪ੍ਰਦੂਸ਼ਣ । ਖੇਤੀ ਪ੍ਰਧਾਨ ਸੂਬੇ 'ਚ ਪਾਣੀ ਦਾ ਪੱਧਰ ਜਿਸ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ, ਇਸ ਦਾ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਨੂੰ ਹੀ ਹੋ ਰਿਹਾ ਹੈ ।

ਇਹ ਮੁਸੀਬਤ ਵੀ ਅਸੀਂ ਖੁਦ ਹੀ ਪੈਦਾ ਕੀਤੀ ਹੈ । ਖੇਤੀ ਸਾਡੀ ਸੰਸਕ੍ਰਿਤੀ ਸੀ ਪਰ ਅਸੀਂ ਬਾਜ਼ਾਰੀਕਰਨ ਦੇ ਦੌਰ 'ਚ ਦਾਖਲ ਹੋ ਗਏ ਅਤੇ ਬਾਜ਼ਾਰੀ ਫਸਲਾਂ ਬੀਜਣ ਲੱਗੇ । ਨੱਬੇ ਪ੍ਰਤੀਸ਼ਤ ਤਕ ਭੂ-ਜਲ ਖੇਤੀ ਦੇ ਕੰਮ ਆ ਰਿਹਾ ਹੈ । ਅੱਜ ਤੋਂ 25 ਸਾਲ ਪਹਿਲਾਂ ਮਾਲਵਾ ਖੇਤਰ ਦਾ ਕਿਸਾਨ 35 ਤੋਂ 40 ਫੁੱਟ ਤੱਕ ਦੇ ਬੋਰ ਤੋਂ ਪਾਣੀ ਲੈ ਕੇ ਖੇਤੀ ਕਰਦੇ ਸਨ ਅਤੇ ਬੋਰ ਦੀ ਲਾਗਤ ਸਿਰਫ 3000 ਤੋਂ 3500 ਰੁਪਏ ਆਉਂਦੀ ਸੀ । ਅੱਜ ਸਧਾਰਨ ਬੋਰ ਦਾ ਪਾਣੀ ਮਿਲਣਾ ਤਾਂ ਇਕ ਸੁਪਨਾ ਹੋ ਗਿਆ ਹੈ । ਹੁਣ ਹਰ ਜ਼ਿਮੀਂਦਾਰ 350 ਤੋਂ 450 ਫੁੱਟ ਦੇ ਸਬਮਰਸੀਬਲ ਪੰਪ ਲਗਵਾ ਕੇ ਖੇਤੀ ਕਰ ਰਿਹਾ ਹੈ ਜਿਸ 'ਤੇ 1.50 ਲੱਖ ਰੁਪਏ ਤੱਕ ਦਾ ਖਰਚ ਆਉਂਦਾ ਹੈ । ਇਸ ਨਾਲ ਕਿਸਾਨਾਂ ਦੀ ਆਰਥਿਕਤਾ ਤਰਸਯੋਗ ਹੁੰਦੀ ਜਾ ਰਹੀ ਹੈ । ਕਰਜ਼ੇ ਹੇਠ ਦੱਬਿਆ ਕਿਸਾਨ ਖੁਦਕੁਸ਼ੀਆਂ ਕਰ ਕੇ ਜੀਵਨ ਲੀਲ੍ਹਾ ਸਮਾਪਤ ਕਰ ਰਿਹਾ ਹੈ । ਪੰਜਾਬ 'ਚ 30 ਲੱਖ ਹੈਕਟੇਅਰ ਭੂਮੀ ਦਾ ਰਕਬਾ ਝੋਨੇ ਹੇਠ ਹੈ ਜਿਸ ਦੀ ਸਿੰਚਾਈ 13.68 ਲੱਖ ਟਿਊਬਵੈੱਲਾਂ ਰਾਹੀਂ ਕੀਤੀ ਜਾਂਦੀ ਹੈ । ਸੂਬੇ ਅੰਦਰ ਜ਼ਮੀਨਦੋਜ਼ ਪਾਣੀ 145 ਫੀਸਦੀ ਦੀ ਦਰ ਨਾਲ ਕੱਢਿਆ ਜਾ ਰਿਹਾ ਹੈ ਜੋ ਬੇਹੱਦ ਚਿੰਤਾ ਦਾ ਵਿਸ਼ਾ ਹੈ । ਸੂਬੇ ਦੇ ਕੁੱਲ 138 ਬਲਾਕਾਂ 'ਚੋਂ 110 ਅਜਿਹੇ ਹਨ ਜਿੱਥੇ ਖਤਰੇ ਦੀ ਹੱਦ ਤੋਂ ਵੱਧ ਪਾਣੀ ਕੱਢਿਆ ਜਾ ਰਿਹਾ ਹੈ ।

ਖੇਤੀਬਾੜੀ ਵਿਚ ਕੀਟਨਾਸ਼ਕਾਂ ਤੇ ਹੋਰ ਰਸਾਇਣਕ ਖਾਦਾਂ ਦੀ ਲੋੜ ਤੋਂ ਵੱਧ ਹੁੰਦੀ ਵਰਤੋਂ ਕਾਰਨ ਇਹ ਜ਼ਹਿਰੀਲੇ ਤੱਤ ਧਰਤੀ ਹੇਠਲੇ ਪਾਣੀ ਵਿਚ ਪਹੁੰਚ ਚੁੱਕੇ ਹਨ । ਇਸ ਪ੍ਰਦੂਸ਼ਿਤ ਪਾਣੀ ਦੀ ਵਰਤੋਂ ਨੇ ਮਾਲਵਾ ਖੇਤਰ ਵਿਚ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਨੂੰ ਜਨਮ ਦਿੱਤਾ ਹੈ ।

ਸਨਅਤੀ ਅਦਾਰੇ ਗੰਧਲਾ ਅਤੇ ਜ਼ਹਿਰੀਲਾ ਪਾਣੀ ਨਜ਼ਦੀਕ ਲੱਗਦੇ ਪਾਣੀ ਦੇ ਸੋਮਿਆਂ ਵਿਚ ਸੁੱਟ ਕੇ ਵਾਤਾਵਰਨ ਸੰਤੁਲਨ ਵਿਗਾੜ ਰਹੇ ਹਨ । ਅਜੋਕੇ ਉਦਯੋਗੀਕਰਨ ਦੇ ਦੌਰ ਵਿਚ ਪਾਣੀ ਦੇ ਪ੍ਰਦੂਸ਼ਣ ਲਈ ਸਭ ਤੋਂ ਵੱਧ ਜ਼ਿੰਮੇਵਾਰ ਸਾਡੇ ਕਾਰਖਾਨੇ ਅਤੇ ਜਦੋਂ ਇਹ ਜ਼ਹਿਰੀਲੇ ਪਦਾਰਥ ਦਰਿਆਵਾਂ, ਝੀਲਾਂ ਅਤੇ ਹੋਰ ਪਾਣੀ ਦੇ ਸੋਮਿਆਂ ਵਿਚ ਮਿਲਦੇ ਹਨ ਤਾਂ ਸਭ ਤੋਂ ਵੱਧ ਮਨੁੱਖੀ ਸਿਹਤ ਲਈ ਨੁਕਸਾਨਦੇਹ ਸਾਬਿਤ ਹੁੰਦੇ ਹਨ । ਇਸ ਦੇ ਨਤੀਜੇ ਵਜੋਂ ਪੀਲੀਆ, ਟਾਈਫਾਇਡ, ਹੈਜ਼ਾ, ਹੈਪੇਟਾਈਟਸ, ਅੰਤੜੀ ਰੋਗ, ਹੱਡੀਆਂ ਦੇ ਰੋਗ ਤੇ ਅਨੇਕਾਂ ਹੋਰ ਭਿਅੰਕਰ ਬਿਮਾਰੀਆਂ ਮਹਾਮਾਰੀ ਦੇ ਰੂਪ ਵਿਚ ਫੈਲਦੀਆਂ ਹਨ ।

ਵਧਦੀ ਆਬਾਦੀ ਅਤੇ ਸ਼ਹਿਰੀਕਰਨ ਨੇ ਵੀ ਪਾਣੀ ਦੇ ਸੋਮਿਆਂ 'ਚ ਪ੍ਰਦੂਸ਼ਣ ਦਾ ਬਹੁਤ ਵਾਧਾ ਕੀਤਾ ਹੈ । ਪੋਲੀਥੀਨ ਦੇ ਲਿਫਾਫਿਆਂ ਦੀ ਵਧਦੀ ਵਰਤੋਂ ਨੇ ਸੀਵਰੇਜ ਵਿਵਸਥਾ ਤੋਂ ਲੈ ਕੇ ਸਮੁੰਦਰ ਤੱਕ ਤਬਾਹੀ ਮਚਾਈ ਹੋਈ ਹੈ । ਮਨੁੱਖ ਦੇ ਮਲ ਮੂਤਰ, ਸਾਬਣ ਵਾਲਾ ਪਾਣੀ ਅਤੇ ਹੋਰ ਘਰੇਲੂ ਰਹਿੰਦ-ਖੂੰਹਦ ਭਰਪੂਰ ਸੀਵਰੇਜ ਨੂੰ ਸ਼ਹਿਰ ਤੋਂ ਬਾਹਰ ਲਿਜਾ ਕੇ ਪਾਣੀ ਦੇ ਸੋਮਿਆਂ ਵਿਚ ਮਿਲਾਉਣਾ ਪ੍ਰਚਲਿਤ ਸੀਵਰੇਜ ਵਿਵਸਥਾ ਬਣ ਚੁੱਕੀ ਹੈ ਜੋ ਮਨੁੱਖੀ ਸਿਹਤ ਲਈ ਗੰਭੀਰ ਸੰਕਟ ਦਾ ਕਾਰਨ ਬਣ ਰਹੀ ਹੈ ।

ਘਰਾਂ 'ਚ ਪਾਣੀ ਦੀ ਬੱਚਤ ਲਈ ਬਹੁਤ ਘੱਟ ਯਤਨ ਕੀਤੇ ਜਾ ਰਹੇ ਹਨ । ਪਾਣੀ ਨੂੰ ਸੋਧਣ ਅਤੇ ਰੀਸਾਈਕਲ ਕਰ ਕੇ ਦੁਬਾਰਾ ਵਰਤੋਂ ਦੇ ਮਾਮਲੇ ਵਿਚ ਦੇਸ਼ ਦੀ ਤਸਵੀਰ ਧੁੰਦਲੀ ਹੈ । ਘਰਾਂ ਵਿਚ ਪਹੁੰਚੇ ਪਾਣੀ ਦਾ 80 ਪ੍ਰਤੀਸ਼ਤ ਭਾਗ ਸੀਵਰ ਵਿਚ ਚਲਾ ਜਾਂਦਾ ਹੈ ਜਦ ਕਿ ਇਜ਼ਰਾਈਲ ਵਰਗੇ ਦੇਸ਼ ਵਿਚ 100 ਪ੍ਰਤੀਸ਼ਤ ਪਾਣੀ ਦਾ ਟਰੀਟਮੈਂਟ ਕਰ ਕੇ 94 ਪ੍ਰਤੀਸ਼ਤ ਦੁਬਾਰਾ ਘਰੇਲੂ ਵਰਤੋਂ ਲਈ ਵਰਤਿਆ ਜਾਂਦਾ ਹੈ ।

**ਵਧਦੀ ਆਬਾਦੀ ਅਤੇ ਸ਼ਹਿਰੀਕਰਨ ਨੇ ਵੀ ਪਾਣੀ ਦੇ ਸੋਮਿਆਂ 'ਚ ਪ੍ਰਦੂਸ਼ਣ ਦਾ ਬਹੁਤ ਵਾਧਾ ਕੀਤਾ ਹੈ । ਪੋਲੀਥੀਨ ਦੇ ਲਿਫਾਫਿਆਂ ਦੀ ਵਧਦੀ ਵਰਤੋਂ ਨੇ ਸੀਵਰੇਜ ਵਿਵਸਥਾ ਤੋਂ ਲੈ ਕੇ ਸਮੁੰਦਰ ਤੱਕ ਤਬਾਹੀ ਮਚਾਈ ਹੋਈ ਹੈ । ਮਨੁੱਖ ਦੇ ਮਲ ਮੂਤਰ, ਸਾਬਣ ਵਾਲਾ ਪਾਣੀ ਅਤੇ ਹੋਰ ਘਰੇਲੂ ਰਹਿੰਦ-ਖੂੰਹਦ ਭਰਪੂਰ ਸੀਵਰੇਜ ਨੂੰ ਸ਼ਹਿਰ ਤੋਂ ਬਾਹਰ ਲਿਜਾ ਕੇ ਪਾਣੀ ਦੇ ਸੋਮਿਆਂ ਵਿਚ ਮਿਲਾਉਣਾ ਪ੍ਰਚਲਿਤ ਸੀਵਰੇਜ ਵਿਵਸਥਾ ਬਣ ਚੁੱਕੀ ਹੈ ਜੋ ਮਨੁੱਖੀ ਸਿਹਤ ਲਈ ਗੰਭੀਰ ਸੰਕਟ ਦਾ ਕਾਰਨ ਬਣ ਰਹੀ ਹੈ ।**

ਮਨੁੱਖੀ ਸਰੀਰ ਵਿਚ 70 ਪ੍ਰਤੀਸ਼ਤ ਹਿੱਸਾ ਪਾਣੀ ਹੈ, ਸਾਡੇ ਖੂਨ ਦਾ 90 ਪ੍ਰਤੀਸ਼ਤ ਹਿੱਸਾ ਪਾਣੀ ਹੈ । ਜੇ ਸਰੀਰ ਵਿਚ ਥੋੜ੍ਹੀ ਜਿਹੀ ਪਾਣੀ ਦੀ ਕਮੀ ਹੋ ਜਾਵੇ ਤਾਂ ਸਾਡੀ ਮੌਤ ਤੱਕ ਹੋ ਸਕਦੀ ਹੈ ।

ਪਾਣੀ ਦੇ ਸੋਮਿਆਂ ਵਿਚ ਵਧਦੇ ਪ੍ਰਦੂਸ਼ਣ ਨੂੰ ਰੋਕਣ ਅਤੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਬਿਨਾਂ ਕਿਸੇ ਦੇਰੀ ਦੇ ਵਿਸ਼ੇਸ਼ ਯਤਨ ਕੀਤੇ ਜਾਣ ਦੀ ਸਖਤ ਜ਼ਰੂਰਤ ਹੈ । ਇਸ ਸੰਕਟ ਦੇ ਹੱਲ ਲਈ ਸਮਾਜ ਅਤੇ ਸਰਕਾਰ ਦੋਵਾਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ । ਪਾਣੀ ਦੀ ਬੱਚਤ ਅਤੇ ਉਦਯੋਗ ਸਬੰਧੀ ਵਿਸ਼ੇਸ਼ ਸਿੱਖਿਆ ਅਤੇ ਸਿਖਲਾਈ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ ।

**ਡਾ. ਸਤਿੰਦਰ ਸਿੰਘ,**
**ਸਟੇਟ ਤੇ ਨੈਸ਼ਨਲ ਐਵਾਰਡੀ ਪ੍ਰਿੰਸੀਪਲ**

# ਕਿਰਤ ਨਾਲ ਰਹਿੰਦੈ – ਤਨ ਤੇ ਮਨ ਨਰੋਆ

ਦੁਨੀਆ 'ਤੇ ਭਾਵੇਂ ਵੱਖ-ਵੱਖ ਧਰਮ ਹੋਂਦ ਵਿਚ ਆਏ ਅਤੇ ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਧਰਮ ਦੇ ਸਿਧਾਂਤਾਂ ਤੇ ਚੱਲਣ ਦੀ ਪ੍ਰੇਰਨਾ ਦਿੱਤੀ ਪਰ ਗੁਰੂ ਨਾਨਕ ਨੇ ਪਰਮੇਸ਼ਰ ਦੇ ਨਾਮ ਜਪਣ ਅਤੇ ਨਿਰਮਲ ਕਰਮ ਨੂੰ ਪ੍ਰਧਾਨਤਾ ਬਖਸ਼ੀ :

**ਸਗਲ ਧਰਮ ਮਹਿ ਸ੍ਰੇਸ਼ਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**

(ਪੰਨਾ 266)

ਗੁਰੂ ਪਾਤਸ਼ਾਹ ਨੇ ਮਨੁੱਖੀ ਜੀਵਨ ਦੀ ਸਫਲਤਾ ਲਈ ਤਿੰਨ ਸੁਨਹਿਰੀ ਸਿਧਾਂਤ ਬਖਸ਼ੇ, ਜੋ ਸੁਚੱਜੇ ਮਨੁੱਖੀ ਜੀਵਨ ਦੀ ਨੀਂਹ ਹਨ : ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ । ਇਨ੍ਹਾਂ 'ਚੋਂ ਕਿਰਤ ਨੂੰ ਪਹਿਲਾ ਸਥਾਨ ਪ੍ਰਾਪਤ ਹੈ । ਕਿਰਤ 'ਚੋਂ ਲੋੜਵੰਦ ਦਾ ਭਲਾ ਕਰਨਾ ਅਤੇ ਸਿਮਰਨ ਜਾਂ ਰੱਬੀ ਗਿਆਨ ਦੀ ਜਰਿਆਂਸੂ ਨਾਲ ਸਾਂਝ ਪਾਉਣੀ ਹੈ । ਹਰੇਕ ਮਨੁੱਖ ਦੀ ਆਰਥਿਕਤਾ ਕਿਰਤ ਨਾਲ ਜੁੜੀ ਹੈ । ਇਹ ਮਨੁੱਖੀ ਜੀਵਨ ਦੀ ਸਫਲਤਾ ਦਾ ਅਹਿਮ ਅੰਗ ਹੈ । ਕਿਰਤ ਦੀ ਵਡਿਆਈ ਇਸ ਹੱਦ ਤੱਕ ਹੈ ਕਿ ਪਰਮੇਸ਼ਰ ਆਪ ਕਿਰਤੀ ਹੈ, ਤਾਂ ਹੀ ਉਸ ਨੂੰ ਗੁਰੂ ਨਾਨਕ ਪਾਤਸ਼ਾਹ ਜੀ, ਕਰਤਾ ਪੁਰਖ ਕਹਿ ਰਹੇ ਹਨ । ਕਰਤਾ ਪੁਰਖ ਦੀ ਰਚਨਾ ਵਿਚ ਬੇਅੰਤ ਜੂਨਾਂ ਹਨ । ਸਵੇਰੇ ਤੋਂ ਸ਼ਾਮ ਤਕ ਕੀੜੀਆਂ ਦੀਆਂ ਪਾਲਾਂ ਦੀਆਂ ਪਾਲਾਂ ਬੜੀ ਗੰਭੀਰਤਾ ਅਤੇ ਉਤਸ਼ਾਹ ਨਾਲ ਕਿਰਤ ਵਿੱਚ ਰੁੱਝੀਆਂ ਨਜ਼ਰ ਆਉਂਦੀਆਂ ਹਨ ।

ਸ਼ਹਿਦ ਦੀਆਂ ਮੱਖੀਆਂ ਸਵੇਰ ਹੁੰਦਿਆਂ ਹੀ ਫੁੱਲਾਂ ਤੋਂ ਸ਼ਹਿਦ ਇਕੱਠਾ ਕਰਨ ਲਈ ਤਨੋ-ਮਨੋ ਜੁਟੀਆਂ ਵੇਖੀਆਂ ਜਾ ਸਕਦੀਆਂ ਹਨ । ਉਨ੍ਹਾਂ ਦੀ ਦਸਾਂ ਨਹੁੰਆਂ ਦੀ ਕਿਰਤ ਨੂੰ ਮਨੁਖ ਡਾਕਾ ਮਾਰ ਲੈਂਦਾ ਹੈ । ਫਿਰ ਵੀ ਉਹ ਹੱਠ ਨਹੀਂ ਛੱਡਦੀਆਂ । ਸਾਡੇ ਵਿਹੜਿਆਂ ਵਿੱਚ ਚਿੜੀਆਂ, ਕਾਂ, ਕਬੂਤਰ, ਵਗੈਰਾ ਰੋਜ਼ਾਨਾ ਚੋਗਾ ਚੁਗਣ ਦੀ ਕਿਰਤ ਕਰਦੇ ਹਨ । ਕੂੰਜਾਂ ਦੀਆਂ ਡਾਰਾਂ ਦੀਆਂ ਡਾਰਾਂ ਕਿਰਤ ਕਰਨ ਲਈ ਲੰਮਾ ਪੈਂਡਾ ਤੈਅ ਕਰਦੀਆਂ ਹਨ । ਹਰ ਨਿੱਕੇ ਤੋਂ ਨਿੱਕਾ ਕੀੜਾ ਕਿਰਤ ਕਰ ਰਿਹਾ ਹੈ । ਮਨੁੱਖ ਕਿਉਂਕਿ ਸਭ ਜੂਨਾ ਦਾ ਸਰਦਾਰ ਹੈ, ਇਸ ਲਈ ਇਸ ਦੀ ਕਿਰਤ ਕਰਨ ਦੀ ਜ਼ਿੰਮੇਵਾਰੀ ਵੀ ਵਧੇਰੇ ਹੈ । ਜਿੰਨਾ ਉੱਚਾ ਅਹੁਦਾ, ਓਨੀ ਵਧੇਰੇ ਜ਼ਿੰਮੇਵਾਰੀ । ਜਦ ਪਰਮਾਤਮਾ ਸਮੇਤ ਸਾਰੇ ਜੀਵ ਕਿਰਤੀ ਹਨ ਤਾਂ ਫਿਰ ਮਨੁੱਖ ਵਿਹਲੜ ਕਿਵੇਂ ?

ਇਹ ਰੱਬੀ ਮਿਹਰ ਹੀ ਹੈ ਕਿ ਉਸ ਨੇ ਬੰਦੇ ਪੇਟ ਲਾਇਆ ਹੈ, ਜਿਸ ਕਰਕੇ ਪੇਟ ਨੂੰ ਪਾਲਣ ਲਈ ਕਿਰਤ ਕਰਨੀ ਹੀ ਪੈਂਦੀ ਹੈ । ਕਈ ਦਲਿੱਦਰੀ ਬੰਦੇ ਰੱਬ ਨੂੰ ਉਲਾਂਭਾ ਦਿੰਦੇ ਹਨ ਕਿ ਜੇ ਪਾਪੀ ਪੇਟ ਨਾ ਲੱਗਾ ਹੁੰਦਾ ਤਾਂ ਮੌਜਾਂ ਹੀ ਮੌਜਾਂ ਹੁੰਦੀਆਂ । ਇਨ੍ਹਾਂ ਭੋਲਿਆਂ ਨੂੰ ਪਤਾ ਨਹੀਂ ਕਿ ਜੇ ਪੇਟ ਨਾ ਹੁੰਦਾ ਤਾਂ ਪਰਿਵਾਰਾਂ ਦਾ ਪਸਾਰਾ ਕਿਵੇਂ ਹੁੰਦਾ । ਨਾ ਨਵ-ਜੀਵਨ ਹੁੰਦੇ, ਨਾ ਖੇੜੇ । ਪੇਟ ਤਾਂ ਬਨਸਪਤੀ ਨੂੰ ਵੀ ਲੱਗਾ ਹੈ, ਉਹ ਵੀ ਖੁਰਾਕ ਖਾਂਦੀ ਹੈ । ਹਾਂ ਪੱਥਰਾਂ ਨੂੰ ਪੇਟ ਨਹੀਂ ਹੁੰਦਾ । ਜੇ ਮਨੁੱਖਾ ਜੀਵਨ ਪੱਥਰ ਵਰਗਾ ਹੋ ਜਾਵੇ ਤਾਂ ਚੁੱਲ੍ਹੇ ਠੰਢੇ ਪੈ ਜਾਣਗੇ, ਜੀਵਨ ਜੋਤਾਂ ਬੁੱਝ ਜਾਣਗੀਆਂ । ਇਹ ਪੇਟ ਹੀ ਹੈ ਜਿਸ ਵਿੱਚ ਰੋਟੀ ਪਿਆਂ ਖੂਨ ਬਣਦਾ ਹੈ ਅਤੇ ਖੂਨ ਦੀ ਹਰਾਰਤ ਤੋਂ ਜਜ਼ਬਾਤ ਉਛਾਲੇ ਮਾਰਦੇ ਹਨ । ਜਜ਼ਬਾਤ ਰਹਿਤ ਮਨੁੱਖ ਨੂੰ ਵੀ ਪੱਥਰ ਵਰਗਾ ਆਖਿਆ ਜਾਂਦਾ ਹੈ । ਪੇਟ ਤੋਂ ਬਿਨਾਂ ਇੱਟਾਂ ਅਤੇ ਪੱਥਰਾਂ ਦੀ ਕੋਈ ਜੀਵਨ ਲੀਲ੍ਹਾ ਨਹੀਂ ਹੈ ।

ਕਿਰਤ ਕਰਨੀ ਜਦ ਲਾਜ਼ਮੀ ਹੈ, ਉਤਸ਼ਾਹ ਦਾ ਕਾਰਨ ਹੈ, ਫਿਰ ਮਨੁੱਖ ਇਸ ਵਿੱਚ ਕਿਉਂ ਨਾ ਜੁੱਟੇ ? ਇਹ ਜੀਅ ਕਿਉਂ ਚੁਰਾਵੇ ? ਇਸ ਦਾ ਕਾਰਨ ਇੱਕੋ ਹੀ ਹੈ ਕਿ ਮਨੁੱਖੀ ਬੁੱਧੀ ਮਰਿਆਦਾ ਤੋਂ ਵਧੇਰੇ ਚੰਚਲ ਹੋ ਜਾਂਦੀ ਹੈ । ਇਸ ਚੰਚਲਤਾ ਤੋਂ ਲੋਭ ਪੈਦਾ ਹੁੰਦਾ ਹੈ ਅਤੇ ਲੋਭ ਮਨੁੱਖ ਨੂੰ ਰਿਸ਼ਵਤ, ਛਲ-ਕਪਟ ਵੱਲ ਪ੍ਰੇਰਦਾ ਹੈ । ਲੋਭੀ-ਲਾਲਚੀ ਮਨੁੱਖ ਭਾਵੇਂ ਬਹੁਤ ਪੜ੍ਹਿਆ-ਲਿਖਿਆ ਵੀ ਹੋਵੇ, ਗੁਰਬਾਣੀ ਨੇ ਉਸ ਨੂੰ ਮੂਰਖ ਦਾ ਦਰਜਾ ਦਿੱਤਾ ਹੈ :

**ਪੜਿਆ ਮੂਰਖੁ ਆਖੀਐ**
**ਜਿਸ ਲਬੁ ਲੋਭੁ ਅਹੰਕਾਰਾ ॥**

(ਪੰਨਾ ਨੰ 140)

ਕਪਟ ਦੇ ਆਸਰੇ ਧਨ ਪਦਾਰਥ ਇਕੱਠੇ ਕਰਨ ਦੀ ਦੌੜ ਵਿੱਚ ਰੁੱਝ ਜਾਂਦਾ ਹੈ, ਧੋਖੇ, ਮਿਲਾਵਟ ਤੇ ਰਿਸ਼ਵਤ ਨਾਲ ਕੀਤੀ ਕਮਾਈ ਨੂੰ ਗੁਰੂ ਜੀ ਪ੍ਰਵਾਨ ਨਹੀਂ ਕਰਦੇ । ਇਹੋ ਜਿਹੀ ਕੁਚੱਜੀ ਕਿਰਤ ਤੋਂ ਗੁਰਮਤਿ ਰੋਕਦੀ ਹੈ । ਕਬੀਰ ਜੀ ਦੇ ਬਚਨ ਹਨ :

**ਬਹੁ ਪਰਪੰਚ ਕਰਿ ਪਰ ਧਨ ਲਿਆਵੈ ॥**
**ਸੁਤ ਦਾਰਾ ਪਹਿ ਆਨਿ ਲੁਟਾਵੈ ॥**
**ਮਨ ਮੇਰੇ ਭੂਲੇ ਕਪਟੁ ਨਾ ਕੀਜੈ ॥**
**ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥**

(ਪੰਨਾ ਨੰ. 656)

ਜਿਹੜਾ ਕਪਟੀ ਬੰਦਾ ਪੇਟ ਪਾਲਣ ਦੀ ਕੀਮਤ ਅਦਾ ਨਹੀਂ ਕਰਦਾ, ਰੱਬ ਦਾ ਸ਼ੁਕਰਾਨਾ ਨਹੀਂ ਕਰਦਾ, ਉਹ ਤਾਂ ਪਸ਼ੂ ਜੀਵਨ ਤੋਂ ਵੀ ਗਿਰ ਜਾਂਦਾ ਹੈ । ਗੁਰੂ ਨਾਨਕ ਜੀ ਦੇ ਬਚਨ ਹਨ :

**ਪਸੂ ਮਿਲਹਿ ਚੰਗਿਆਈਆਂ ਖੜੁ**
**ਖਾਵਹਿ ਅੰਮ੍ਰਿਤ ਦੇਹਿ ॥**
**ਨਾਮ ਵਿਹੂਣੇ ਆਦਮੀ ਧ੍ਰਿਗ ਜੀਵਨ ਕਰਮ ਕਰੇਹਿ ॥**

(ਪੰਨਾ 489)

ਐਸਾ ਜੀਵਨ ਫਿਟਕਾਰਯੋਗ ਹੈ :

**ਫਿਟੁ ਇਵੇਹਾ ਜੀਵਿਆ ਜਿਤੁ**
**ਖਾਇ ਵਧਾਇਆ ਪੇਟੁ ॥**

(ਪੰਨਾ ਨੰ 790)

ਗੁਰਮਤਿ ਵਿੱਚ ਅਸੂਲ ਕੇਵਲ ਸਥਾਪਤ ਹੀ ਨਹੀਂ ਕੀਤੇ ਗਏ ਸਗੋਂ ਵਿਹਲਤਾਂ ਦਾ ਪਾਜ ਖੋਲ੍ਹਣ ਲਈ ਇਨ੍ਹਾਂ ਅਸੂਲਾਂ ਦੀ ਅਮਲੀ ਵਰਤੋਂ ਵੀ ਕੀਤੀ ਗਈ ਹੈ ।

ਜਗਤ ਨੂੰ ਤਾਰਨ ਲਈ ਜਦੋਂ ਗੁਰੂ ਨਾਨਕ ਦੇਵ ਜੀ ਘਰੋਂ ਤੁਰੇ ਤਾਂ ਪਹਿਲੀ ਪ੍ਰਚਾਰ ਫੇਰੀ ਦੇ ਆਰੰਭ ਵਿੱਚ ਹੀ ਭਾਈ ਲਾਲੋ ਦੀ ਕੁੱਲੀ ਵਿੱਚ ਜਾ ਠਹਿਰੇ । ਸਬੱਬ ਨਾਲ ਉਸੇ ਹੀ ਸ਼ਹਿਰ ਦੇ ਧਨੀ ਮਲਕ ਭਾਗੋ ਦੇ ਘਰ ਵਿੱਚ ਯੱਗ ਸੀ । ਸਾਡੇ ਦੇਸ਼ ਦੇ ਅਮੀਰ ਲੋਕਾਂ ਨੂੰ ਪ੍ਰੋਹਿਤ ਨੇ ਭਰੋਸਾ ਦੁਆਇਆ ਸੀ ਕਿ ਇਕ ਰੁਪਇਆ ਦਾਨ ਕਰਨ ਨਾਲ ਪਰਲੋਕ ਵਿੱਚ ਸੱਤਰ ਰੁਪਏ ਮਿਲ ਜਾਣਗੇ । ਇਸ ਕਰਕੇ ਇਹ ਲੋਕ ਭਿਖਾਰੀਆਂ ਨੂੰ ਚੰਗੇ ਪਕਵਾਨ ਖਵਾ ਕੇ ਆਪਣਾ ਦਾਨ ਦੀ ਚਰਚਾ ਕਰਵਾਉਣ ਅਤੇ ਪਰਲੋਕ ਵਿੱਚ ਵਧੇਰੇ ਲਾਹਾ ਲੈਣ ਦਾ ਪ੍ਰਬੰਧ ਅਕਸਰ ਹੀ ਕਰਦੇ ਸਨ ।

ਮਲਕ ਭਾਗੋ ਨੂੰ ਦੱਸਿਆ ਗਿਆ ਕਿ ਭਾਈ ਲਾਲੋ ਦੇ ਘਰ ਇਕ ਮਹਾਂਪੁਰਖ ਆਇਆ ਹੈ, ਉਸ ਨੂੰ ਵੀ ਬ੍ਰਹਮ ਭੋਜ ਲਈ ਸੱਦਿਆ ਜਾਵੇ । ਸੁਨੇਹਾ ਭੇਜਿਆ ਗਿਆ ਪਰ ਬਾਬਾ ਜੀ ਨਾ ਆਏ । ਆਖਰ ਅਹਿਲਕਾਰਾਂ ਨੂੰ ਜਬਰਨ ਲਿਆਉਣ ਦਾ ਹੁਕਮ ਦਿੱਤਾ ਗਿਆ ।

ਗੁਰੂ ਜੀ ਨੂੰ ਲਿਆਂਦਾ ਗਿਆ । ਮਲਕ ਨੇ ਗੁਰੂ ਨਾਨਕ ਜੀ ਨੂੰ ਸਵਾਲ ਕੀਤਾ ਕਿ ਕੁਲੀਨ ਅਤੇ ਧਨੀ ਦੇ ਭੰਡਾਰੇ ਵਿਚੋਂ ਸੁਆਦਲੇ ਭੋਜਨ ਖਾਣ ਤੋਂ ਇਨਕਾਰ ਕਰਕੇ ਕੰਗਾਲ ਅਤੇ ਸ਼ੂਦਰ ਦੀ ਕੁੱਲੀ ਵਿੱਚ ਬੈਠ ਕੇ ਕੋਧਰੇ ਦੀ ਰੋਟੀ ਖਾਣ ਦਾ ਕੀ ਮਤਲਬ ਹੈ ? ਬਾਬਾ ਜੀ ਨੇ ਕਿਹਾ ਮਨੁੱਖ ਦੁੱਧ ਤਾਂ ਪੀ ਸਕਦਾ ਹੈ ਪਰ ਖੂਨ ਨਹੀਂ ਪੀਤਾ ਜਾ ਸਕਦਾ । ਇਹ ਗੱਲ ਭਰੀ ਸਭਾ ਵਿੱਚ ਹੋਈ ਸੀ । ਇਸ ਖਰੀ ਗੱਲ ਨੇ ਮਲਕ ਭਾਗੋ ਨੂੰ ਅੰਦਰੋਂ ਹਿਲਾ ਕੇ ਰੱਖ ਦਿੱਤਾ ਕਿ ਕਿਰਤੀ ਦੀ 10 ਨਹੁੰਆਂ ਦੀ ਕਿਰਤੀ ਕਮਾਈ ਵਿੱਚ ਦੁੱਧ ਹੁੰਦਾ ਹੈ ਅਤੇ ਧਨੀ ਦੀ ਇਕੱਠੀ ਕੀਤੀ ਮਾਇਆ ਦੇ ਭੰਡਾਰੇ ਦੀ ਕੜਾਹ ਪੂੜੀ ਵਿੱਚ ਗਰੀਬਾਂ ਦਾ ਨਿਚੋੜਿਆ ਹੋਇਆ ਖੂਨ ਹੁੰਦਾ ਹੈ ।

ਗੁਰੂ ਜੀ ਦੇ ਸੰਗੀ ਸਾਥੀ ਸਭ ਕਿਰਤੀ ਹੀ ਸਨ : ਭਾਈ ਲਾਲੋ ਜੀ, ਭਾਈ ਮਰਦਾਨਾ ਜੀ, ਭਾਈ ਝੰਡਾ ਬਾਢੀ ਜੀ, ਭਾਈ ਬੁੱਢਾ ਜੀ, ਭਾਈ ਅਧਰਕਾ ਗੁਲਾਮ, ਭਾਈ ਅਜਿਤਾ ਆਦਿ । ਇਤਿਹਾਸਕਾਰ ਲਿਖਦੇ ਹਨ ਕਿ ਸਿੱਖਾਂ ਦੀ ਹੈਰਾਨ ਕਰਨ ਵਾਲੀ ਤਰੱਕੀ ਦਾ ਰਾਜ ਇਹ ਸੀ ਕਿ ਸਾਰੇ ਸਿੱਖ ਕਿਰਤੀ ਸਨ ਅਤੇ ਆਪਣੀ ਕਿਰਤ ਦਾ ਦਸਵਾਂ ਹਿੱਸਾ ਗੁਰੂ ਦੇ ਖਜ਼ਾਨੇ ਵਿਚ ਪਾਉਂਦੇ ਸਨ ਅਤੇ ਇਸ ਮਾਇਆ ਨਾਲ ਲੋਕ ਭਲਾਈ ਦੇ ਕਾਜ ਕੀਤੇ ਜਾਂਦੇ ਸਨ । ਜਦ ਲਾਹੌਰ ਵਿਚ ਕਾਲ ਪੈ ਗਿਆ ਸੀ ਤਾਂ ਗੁਰੂ ਅਰਜਨ ਦੇਵ ਜੀ ਨੇ ਇਸੇ ਖਜ਼ਾਨੇ ਦੀ ਵਰਤੋਂ ਕਰ ਕੇ ਗਰੀਬਾਂ ਦੀ ਬਾਂਹ ਫੜੀ ਸੀ ।

ਅੰਗਰੇਜ਼ਾਂ ਨੂੰ ਸਿੱਖਾਂ ਦੀ ਇਸ ਵਡਿਆਈ ਦਾ ਪਤਾ ਲੱਗ ਗਿਆ ਸੀ ਕਿ ਇਨ੍ਹਾਂ ਵਿੱਚ ਕੋਈ ਵਿਹਲੜ ਨਹੀਂ ਹੈ । ਰਹਿਤਨਾਮਿਆਂ ਵਿੱਚ ਵੀ ਗੁਰਸਿੱਖ ਵਾਸਤੇ ਘਰ ਦਾ ਗੁਜ਼ਾਰਾ ਕਰਨ ਲਈ ਕਿਰਤ ਕਰ ਕੇ ਧਨ ਲਿਆਉਣ ਦਾ ਹਵਾਲਾ ਹੈ ਪਰ ਪੂਜਾ ਦੇ ਧਨ ਨੂੰ ਹੱਥ ਲਾਉਣ ਤੋਂ ਵੀ ਵਰਜਿਆ ਗਿਆ ਹੈ :

**ਰਹਿਤਵਾਨ ਗੁਰਸਿਖ ਹੈ ਜੋਈ ॥**
**ਕਰ ਉਪਾਇ ਧਨ ਖਾਟੇ ਸੋਈ ॥**
**ਤਾਹੀ ਕਰ ਘਰ ਨਿਬਹੇ ॥**
**ਪੂਜਾ ਭੂਲ ਨਾ ਕਬਹੂੰ ਗਹੇ ॥**

(ਰਹਿਤਨਾਮਾ ਭਾ: ਦੇਸਾ ਸਿੰਘ)

ਗੁਰੂ ਪਾਤਸ਼ਾਹ ਜੀ ਉਪਦੇਸ਼ ਦਿੰਦੇ ਹਨ ਕਿ ਹੇ ਮਨੁੱਖ ! ਜੇ ਤੂੰ ਕਿਰਤ ਕਮਾਈ ਕਰਦਿਆਂ ਰੱਬ ਦਾ ਚੇਤਾ ਵੀ ਰੱਖੇ ਤਾਂ ਜੀਵਨ ਸੁਖੀ ਹੋ ਜਾਵੇਗਾ ਅਤੇ ਹਉਕੇ ਖੰਭ ਲਾ ਕੇ ਉੱਡ ਜਾਣਗੇ :

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥**

(ਪੰਨਾ ਨੰ 522)

ਬੇ-ਸਿਦਕੇ ਜਾਂ ਬੇ-ਸਬਰੇ ਬੰਦੇ ਤਾਂ

**"ਸਹਸ ਖਟੇ ਲਖ ਕਉ ਉਠਿ ਧਾਵੈ ॥**
**ਤ੍ਰਿਪਤ ਨਾ ਆਵੈ ਮਾਇਆ ਪਾਛੈ ਪਾਵੈ ॥"**

(ਪੰਨਾ ਨੰ 278)

ਵਾਲੀ ਅਵਸਥਾ ਦੇ ਅਧੀਨ ਹੁੰਦੇ ਹਨ । ਬੇ-ਸੰਤੋਖਾ ਮਨੁੱਖ ਧਨ ਪਦਾਰਥਾਂ ਦੀ ਦੌੜ ਵਿਚ ਪਾਗਲ ਹੋਇਆ ਫਿਰਦਾ ਹੈ । ਜਿੱਥੇ ਧਨ ਵਾਲੇ ਬਲਵਾਨ ਹੋਣਗੇ, ਉੱਥੇ ਹੰਕਾਰੀ ਦਾਤੇ ਅਤੇ ਜ਼ਲੀਲ ਮੰਗਤੇ ਪੈਦਾ ਹੋਣਗੇ । ਧਨੀ ਲੋਕ ਵਿਹਲੜਾਂ ਰਾਹੀਂ ਆਪਣੇ ਧਨ ਦੀ ਮਸ਼ਹੂਰੀ ਕਰਾਉਂਦੇ ਹਨ । ਉਨ੍ਹਾਂ ਦੀ ਸਹਾਇਤਾ ਦੇ ਪਾਤਰ ਲੋੜਵੰਦ ਨਹੀਂ ਸਗੋਂ ਵਿਹਲੜ ਅਤੇ ਐਸ਼ਪ੍ਰਸਤ ਸਾਧੂ ਹੁੰਦੇ ਹਨ । ਕੋਈ ਕਿਰਤੀ ਕਦੀ ਭੀਖ ਨਹੀਂ ਮੰਗਦਾ । ਇਸ ਕਰਕੇ ਸਿੱਖ ਕੋਈ ਭਿਖਾਰੀ ਨਹੀਂ ਹੈ ।

ਪ੍ਰਿੰਸੀਪਲ ਗੰਗਾ ਸਿੰਘ ਜੀ ਲਿਖਦੇ ਹਨ ਕਿ ਇਕ ਨਿਹੰਗ ਸਿੰਘ ਦੁਪਹਿਰ ਵੇਲੇ ਰਸਤੇ ਵਿੱਚ ਪਏ ਹੋਏ ਟੋਇਆਂ ਨੂੰ ਕਹੀ ਨਾਲ ਪੂਰ ਰਿਹਾ ਸੀ । ਕੋਲੋਂ ਲੰਘਦੇ ਇਕ ਅੰਗਰੇਜ਼ ਨੇ ਉਸ ਨੂੰ ਇਸ ਸਖਤ ਮਿਹਨਤ ਦਾ ਕਾਰਨ ਪੁੱਛਿਆ । ਨਿਹੰਗ ਸਿੰਘ ਨੇ ਜਵਾਬ ਦਿੱਤਾ, ''ਖਾਲਸਾ ਕੋਈ ਭਿਖਾਰੀ ਨਹੀਂ ਹੈ ਕਿਸੇ ਦਾ ਦਿੱਤਾ ਦਾਨ ਖਾਵੇ । ਪਿੰਡ ਤੋਂ ਆਇਆ ਪ੍ਰਸ਼ਾਦਾ ਛਕ ਲੈਂਦਾ ਹਾਂ । ਇਸ ਲਈ ਪਿੰਡ ਦੇ ਰਾਹ ਵਿੱਚ ਪਏ ਖੱਡਿਆਂ ਨੂੰ ਪੂਰਨ ਦੀ ਕਾਰ ਕਰ ਰਿਹਾ ਹਾਂ ।'' ਅੰਗਰੇਜ਼ ਨੇ ਹੈਰਾਨਗੀ ਨਾਲ ਕਿਹਾ ਕਿ ਇਹ ਮਾਨਸਿਕ ਅਵਸਥਾ ਇਕ ਬਿਹੰਗਮ ਸਿੰਘ ਦੀ ਹੈ, ਗ੍ਰਹਿਸਥੀਆਂ ਦਾ ਤਾਂ ਕਹਿਣਾ ਹੀ ਕੀ ਹੋਵੇਗਾ ?

ਹਿੰਦ ਵਾਸੀਆਂ ਦਾ ਮੁਗਲਾਂ ਹੱਥੋਂ ਬੇਇੱਜ਼ਤ ਹੋਣ ਦਾ ਮੁੱਖ ਕਾਰਨ ਇਹ ਹੀ ਸੀ ਕਿ ਇੱਥੇ ਕਿਰਤੀਆਂ ਨੂੰ ਸ਼ੂਦਰ ਆਖ ਕੇ ਨਫਰਤ ਕੀਤੀ ਜਾਂਦੀ ਸੀ । ਸਾਡਾ ਦੇਸ਼ ਇਸ ਸੱਚ ਦੀ ਉਦਾਹਰਨ ਹੈ । ਅਜੋਕੇ ਸਮੇਂ ਕਿਸਾਨੀ ਸੰਘਰਸ਼ ਨੂੰ ਇਸ ਸੰਦਰਭ ਵਿੱਚ ਵੇਖਿਆ ਜਾ ਸਕਦਾ ਹੈ । ਇਤਿਹਾਸ ਗਵਾਹ ਹੈ ਕਿ ਭੁੱਖ ਨਾਲ ਮਰ ਰਹੇ ਹਿੰਦੁਸਤਾਨੀ ਲੋਕਾਂ ਦੀ ਅਨਾਜ ਦੀ ਭੁੱਖ ਇੱਥੋਂ ਦੇ ਕਿਰਤੀ ਨੇ ਹੀ ਦੂਰ ਕੀਤੀ ਹੈ । ਗੁਰੂ ਨਾਨਕ ਸਾਹਿਬ ਵੀ ਕਿਰਤੀਆਂ ਨੂੰ ਹੀ ਆਪਣੇ ਸਾਥੀ ਦੱਸਦੇ ਹਨ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**

(ਪੰਨਾ ਨੰ. 15)

ਗੁਰਮਤਿ ਅਨੁਸਾਰ ਇਹ ਮਨੁੱਖ ਹੀ ਜ਼ਿੰਦਗੀ ਦਾ ਸਹੀ ਰਸਤਾ ਪਛਾਣਦੇ ਹਨ । ਇਸੇ ਭਲਾਈ ਨੂੰ ਉਪਕਾਰ ਆਖਿਆ ਜਾਂਦਾ ਹੈ :

**ਘਾਲਿ ਖਾਇ ਕਿਛੁ ਹਥਹੁ ਦੇਹਿ ॥**
**ਨਾਨਕ ਰਾਹੁ ਪਛਾਣਹਿ ਸੇਇ ॥**

(ਪੰਨਾ ਨੰ 1245)

ਸਿੱਖ ਧਰਮ ਤਾਂ ਕਿਰਤ ਕਰਨ ਤੇ ਵੰਡ ਛਕਣ ਤੋਂ ਬਿਨਾਂ ਜੀਵਨ ਦੀ ਸਫਲਤਾ ਨੂੰ ਮੰਨਦਾ ਹੀ ਨਹੀਂ । ਕਿਰਤ ਦੇ ਆਧਾਰ 'ਤੇ ਹੀ ਲੰਗਰਾਂ ਦੀ ਸਥਾਪਨਾ ਹੋਈ । ਕੌਮ ਦੀ ਆਰਥਿਕਤਾ ਮਜ਼ਬੂਤ ਕਰਨ ਲਈ ਗੁਰੂ ਰਾਮਦਾਸ ਜੀ ਨੇ ਚੱਕ ਗੁਰੂ ਰਾਮਦਾਸ ਵਿਖੇ ਵੱਖ-ਵੱਖ 52 ਕਿੱਤਿਆਂ ਦੇ ਕਿਰਤੀਆਂ ਨੂੰ ਹੀ ਵਸਾਉਣਾ ਕੀਤਾ । ਪੰਜਵੇਂ ਪਾਤਸ਼ਾਹ ਜੀ ਨੇ ਸਿੱਖਾਂ ਨੂੰ ਆਪਣੀ ਕਿਰਤ ਦਾ ਦਸਵੰਧ ਗੁਰੂ ਖਜ਼ਾਨੇ ਵਿੱਚ ਭੇਜਣ ਦਾ ਹੁਕਮ ਕੀਤਾ । ਸਿੱਖਾਂ ਨੂੰ ਘੋੜਿਆਂ ਦੇ ਵਪਾਰ ਲਈ ਪ੍ਰੇਰਿਆ, ਜਿਸ ਕਾਰਨ ਉਹ ਚੰਗੇ ਘੋੜਸਵਾਰ ਵੀ ਸਾਬਤ ਹੋਏ । ਇਸ ਨਾਲ ਸਿੱਖੀ ਪ੍ਰਚਾਰ ਵਿੱਚ ਵਾਧਾ ਵੀ ਹੋਇਆ । ਕਿਸੇ ਵੀ ਦੇਸ਼ ਨੂੰ ਮੰਦਹਾਲੀ 'ਚੋ ਕੱਢਣ ਲਈ ਕਿਰਤ ਦੇ ਮਰਤਬ ਨੂੰ ਬੁਲੰਦ ਰੱਖਣਾ ਹੀ ਨੇਕ ਨੀਅਤੀ ਹੈ । ਜਿਸ ਦਿਨ ਤੋਂ ਕਿਰਤੀ ਦਾ ਸਤਿਕਾਰ ਹੋਣਾ ਸ਼ੁਰੂ ਹੋ ਜਾਵੇਗਾ, ਚੀਖ ਚਿਲਾ ਰਹੀ ਦੁਨੀਆਂ ਬੇਗਮਪੁਰਾ ਬਣ ਜਾਵੇਗੀ ਕਿਰਤ ਹੀ ਜਗਤ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ ਵਗੈਰਾ ਪੱਖਾਂ ਦੇ ਸੁੱਖਾਂ ਦੀ ਕੁੰਜੀ ਹੈ । ਅਜਿਹੀ ਨਰੋਈ ਵਿਚਾਰਧਾਰਾ ਹੀ ਸੰਸਾਰ ਨੂੰ ਸ਼ੋਭਨੀਕ ਬਣਾ ਸਕਦੀ ਹੈ ।

**ਕਿਸੇ ਦਾ ਹੱਕ ਨਹੀਂ ਮਾਰਦਾ ਕਿਰਤੀ**

ਮਨੁੱਖੀ ਜੀਵਨ ਦੀਆਂ ਬਰਕਤਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ : ਮਨੁੱਖੀ ਸਰੀਰ ਦਾ ਨਰੋਆ ਹੋਣਾ, ਮਨ ਦਾ ਸਾਫ ਹੋਣਾ ਅਤੇ ਉਪਕਾਰੀ ਹੋਣਾ, ਇੱਜ਼ਤ ਵਾਲੀ ਜ਼ਿੰਦਗੀ ਜਿਊਣਾ । ਇਨ੍ਹਾਂ ਤਿੰਨਾਂ ਗੱਲਾਂ ਦਾ ਰਾਜ ਕਿਰਤ ਵਿੱਚ ਬੰਦ ਹੈ । ਸੁੱਚੀ ਕਿਰਤ ਵਾਲੇ ਦਾ ਹੀ ਸਰੀਰ ਨਰੋਆ ਹੁੰਦਾ ਹੈ ਅਤੇ ਉਸੇ ਦਾ ਮਨ ਸਾਫ ਹੁੰਦਾ ਹੈ । ਉਹ ਕਿਸੇ ਦਾ ਹੱਕ ਨਹੀਂ ਮਾਰਦਾ, ਮੁਰਦਾਰ ਨਹੀਂ ਖਾਂਦਾ, ਉਹ ਮਨੁੱਖ ਆਪਣੀ ਕਮਾਈ 'ਚੋਂ ਕਿਸੇ ਦਾ ਭਲਾ ਕਰਕੇ ਪਰਮ ਪਿਤਾ ਪਰਮਾਤਮਾ ਦਾ ਸ਼ੁੱਕਰ ਮਨਾਉਂਦਾ ਹੈ । ਜ਼ਿੰਦਗੀ 'ਚ ਬੇਸਿਦਕੇ ਜਾਂ ਬੇ-ਸਬਰੇ ਬੰਦੇ ਕਦੀ ਉਪਕਾਰੀ ਨਹੀਂ ਹੋ ਸਕਦੇ ।

**ਪੰਜਾਬੀਆਂ ਨੇ ਦੂਰ ਕੀਤਾ ਅੰਨ ਸੰਕਟ**

ਜਿਹੜੀ ਕੌਮ ਜਾਂ ਜਿਹੜਾ ਦੇਸ਼, ਜਿਹੜੇ ਰਜੇ ਕਿਰਤੀਆਂ ਦੀ ਇੱਜ਼ਤ ਨਹੀਂ ਕਰਦੇ ਅਤੇ ਵਿਹਲੜਾਂ ਦੀ ਚਾਂਦੀ ਬਣਾਉਂਦੇ ਹਨ, ਉਹ ਖੁਦ ਬੇਇੱਜ਼ਤ ਹੋ ਜਾਂਦੇ ਹਨ । ਹਿੰਦ ਵਾਸੀਆਂ ਦਾ ਮੁਗਲਾਂ ਹੱਥੋਂ ਬੇਇੱਜ਼ਤ ਹੋਣ ਦਾ ਮੁੱਖ ਕਾਰਨ ਇਹ ਹੀ ਸੀ ਕਿ ਇੱਥੇ ਕਿਰਤੀਆਂ ਨੂੰ ਸ਼ੂਦਰ ਆਖ ਕੇ ਨਫਰਤ ਕੀਤੀ ਜਾਂਦੀ ਸੀ । ਸਾਡੇ ਦੇਸ਼ ਇਸ ਸੱਚ ਦੀ ਉਦਾਹਰਨ ਹੈ । ਅਜੋਕੇ ਸਮੇਂ ਕਿਸਾਨੀ ਸੰਘਰਸ਼ ਨੂੰ ਇਸ ਸੰਦਰਭ ਵਿੱਚ ਵੇਖਿਆ ਜਾ ਸਕਦਾ ਹੈ । ਇਤਿਹਾਸ ਗਵਾਹ ਹੈ ਕਿ ਭੁੱਖ ਨਾਲ ਮਰ ਰਹੇ ਹਿੰਦੁਸਤਾਨੀ ਲੋਕਾਂ ਦੀ ਅਨਾਜ ਦੀ ਭੁੱਖ ਇੱਥੋਂ ਦੇ ਕਿਰਤੀ ਨੇ ਹੀ ਦੂਰ ਕੀਤੀ ਹੈ । ਹਰਾ ਇਨਕਲਾਬ ਪੰਜਾਬ ਦੇ ਕਿਰਤੀਆਂ ਦੀ ਹੀ ਦੇਣ ਹੈ । ਗੁਰੂ ਨਾਨਕ ਸਾਹਿਬ ਵੀ ਕਿਰਤੀਆਂ ਨੂੰ ਹੀ ਆਪਣੇ ਸਾਥੀ ਦੱਸਦੇ ਹਨ ।

*ਅਵਤਾਰ ਸਿੰਘ, ਮੋ. 98783-57700*



# ਗਰਮੀ ਰੁੱਤ ਦੀਆਂ ਸਬਜ਼ੀਆਂ ਵਿੱਚ ਨਦੀਨਾਂ ਦੀ ਰੋਕਥਾਮ ਸਮੇਂ ਧਿਆਨ ਦੇਣ ਯੋਗ ਜ਼ਰੂਰੀ ਨੁਕਤੇ



**ਅਮਰਜੀਤ ਸਿੰਘ ਸੰਧੂ, ਨਵਨੀਤ ਕੌਰ ਅਤੇ ਪ੍ਰਿਤਪਾਲ ਸਿੰਘ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ** (ਮੋ.88722-00120)

ਕਈ ਵਾਰ ਸਬਜ਼ੀਆਂ ਦੀ ਕਾਸ਼ਤ ਕਰਦੇ ਸਮੇਂ ਖੇਤਾਂ ਵਿਚ ਆਉਣ ਵਾਲੀਆਂ ਮੁਸ਼ਕਲਾਂ ਵਿੱਚੋਂ ਨਦੀਨ ਕੀਤੀਆਂ ਅਤੇ ਬਿਮਾਰੀਆਂ ਨਾਲੋਂ ਵੀ ਜ਼ਿਆਦਾ ਨੁਕਸਾਨ ਦੇਹ ਸਾਬਤ ਹੁੰਦੇ ਹਨ ਅਤੇ ਫਸਲ ਪੂਰੀ ਤਰਾਂ ਬਰਬਾਦ ਹੋ ਜਾਂਦੀ ਹੈ। ਗਰਮ ਅਤੇ ਬਰਸਾਤ ਰੁੱਤ ਵਿਚ ਨਦੀਨਾਂ ਦੀ ਸਮੱਸਿਆ ਹੋਰ ਵੀ ਜ਼ਿਆਦਾ ਵਧ ਜਾਂਦੀ ਹੈ ਕਿਉਂਕਿ ਇਸ ਮੌਸਮ ਵਿਚ ਨਦੀਨਾਂ ਦਾ ਵਾਧਾ ਬਹੁਤ ਤੇਜ਼ੀ ਨਾਲ ਹੁੰਦਾ ਹੈ। ਸਬਜ਼ੀਆਂ ਦੀਆਂ ਫਸਲਾਂ ਦਾ ਕੱਦ ਘੱਟ ਹੋਣ ਕਰਕੇ, ਜ਼ਿਆਦਾ ਪਾਣੀ ਦੀ ਜ਼ਰੂਰਤ ਹੋਣ ਕਰਕੇ ਅਤੇ ਜ਼ਿਆਦਾ ਫਾਸਲੇ ਤੇ ਬੀਜੀਆਂ ਹੋਣ ਕਰਕੇ ਨਦੀਨਾਂ ਦੀ ਸਮੱਸਿਆ ਇਹਨਾਂ ਫਸਲਾਂ ਵਿਚ ਜ਼ਿਆਦਾ ਹੁੰਦੀ ਹੈ। ਸਬਜ਼ੀਆਂ ਦੀਆਂ ਫਸਲਾਂ ਵਿਚ ਨਦੀਨ ਤੱਤਾਂ, ਪਾਣੀ, ਜਗ੍ਹਾ ਅਤੇ ਸੂਰਜੀ ਰੌਸ਼ਨੀ ਲਈ ਮੁਕਾਬਲਾ ਕਰਦੇ ਹਨ, ਜਿਸ ਨਾਲ ਫਸਲ ਤੇ ਮਾੜਾ ਅਸਰ ਪੈਂਦਾ ਹੈ ਅਤੇ ਝਾੜ ਬਹੁਤ ਹੱਦ ਤੱਕ ਘੱਟ ਜਾਂਦਾ ਹੈ। ਨਦੀਨਾਂ ਦੀ ਕੁਝ ਕਿਸਮਾਂ ਫਸਲਾਂ ਤੇ ਕੀੜੇ ਅਤੇ ਬਿਮਾਰੀਆਂ ਨੂੰ ਵੀ ਸੱਦਾ ਦਿੰਦੀਆਂ ਹਨ। ਫਸਲ ਦੇ ਝਾੜ ਦਾ ਘਟਣਾ ਨਦੀਨ ਦੀ ਕਿਸਮ, ਗਿਣਤੀ ਅਤੇ ਫਸਲ ਦੇ ਵਾਧੇ ਤੇ ਨਿਰਭਰ ਕਰਦਾ ਹੈ। ਜੇਕਰ ਨਦੀਨਾਂ ਨੂੰ ਸਬਜ਼ੀਆਂ ਵਿੱਚੋਂ ਸਹੀ ਸਮੇਂ ਤੇ ਖਤਮ ਨਾ ਕੀਤਾ ਜਾਵੇ ਤਾਂ ਝਾੜ ਬਹੁਤ ਘੱਟ ਜਾਂਦਾ ਹੈ। ਆਮ ਤੌਰ ਤੇ ਨਦੀਨਾਂ ਦਾ ਵਾਧਾ ਅਤੇ ਨੁਕਸਾਨ ਹੌਲੀ ਵੱਧਣ ਵਾਲੀਆਂ ਫਸਲਾਂ ਵਿਚ ਜ਼ਿਆਦਾ ਹੁੰਦਾ ਹੈ। ਇਸ ਲਈ ਸਬਜ਼ੀਆਂ ਦੀਆਂ ਫਸਲਾਂ ਦਾ ਪੂਰਾ ਝਾੜ ਲੈਣ ਲਾਈ ਇਹਨਾਂ ਬੇਲੋੜੇ ਪੌਦਿਆਂ ਨੂੰ ਸਹੀ ਸਮੇਂ ਤੇਕੱਢਣਾ ਬਹੁਤ ਜ਼ਰੂਰੀ ਹੈ। ਆਮ ਤੌਰ ਤੇ ਗਰਮ ਰੁੱਤ ਦੀਆਂ ਸਬਜ਼ੀਆਂ ਵਿਚ ਉੱਗਣ ਵਾਲੇ ਨਦੀਨ ਇਟਸਿਟ, ਮਧਾਣਾ, ਮੱਕੜਾ, ਡੀਲਾ/ਮੋਥਾ, ਖੱਬਲ ਘਾਹ, ਤੱਕੜੀ ਘਾਹ, ਤਾਂਦਲਾ, ਭੱਖੜਾ, ਚੁਲਾਈ ਅਤੇ ਦੋਧਕ ਆਦਿ ਹਨ। ਸਬਜ਼ੀਆਂ ਦੀਆਂ ਫਸਲਾਂ ਵਿੱਚੋਂ ਨਦੀਨਾਂ ਦੀ ਰੋਕਥਾਮ ਕਰਨ ਦੇ ਢੰਗ ਹੇਠ ਲਿਖੇ ਹਨ।

**ਮਸ਼ੀਨੀ ਢੰਗ** : ਨਦੀਨਾਂ ਦੀ ਰੋਕਥਾਮ ਦੇ ਇਸ ਢੰਗ ਨਾਲ ਫਸਲਾਂ ਨੂੰ ਗੋਡੀ ਕਰਕੇ, ਟਰੈਕਟਰ ਨਾਲ ਚੱਲਣ ਵਾਲੇ ਸੰਦਾਂ ਨਾਲ ਜਾਂ ਅਲੱਗ-ਅਲੱਗ ਤਰੀਕਿਆਂ ਦੇ ਹੇਰ ਫੇਰ ਕੇ ਨਦੀਨ ਮੁਕਤ ਰੱਖਿਆ ਜਾਂਦਾ ਹੈ। ਜ਼ਿਆਦਾ ਫਾਸਲੇ ਤੇ ਬੀਜੀਆਂ ਜਾਣ ਵਾਲੀਆਂ ਕਈ ਸਬਜ਼ੀਆਂ ਜਿਵੇਂ ਕੱਦੂ ਜਾਤੀ ਦੀਆਂ ਸਬਜ਼ੀਆਂ , ਮਿਰਚ, ਬੈਂਗਣ, ਆਦਿ ਵਿਚ ਟਰੈਕਟਰ ਨਾਲ ਚੱਲਣ ਵਾਲੇ ਸੰਦਾਂ ਦੀ ਵਰਤੋਂ ਵਧੀਆ ਤਰੀਕੇ ਨਾਲ ਕੀਤੀ ਜਾ ਸਕਦੀ ਹੈ।

**ਕਾਸ਼ਤ ਕਰਨ ਦੇ ਢੰਗ** : ਕਾਸ਼ਤ ਕਰਨ ਦੇ ਨਵੇਂ ਢੰਗ ਅਪਣਾ ਕੇ ਵੀ ਸਬਜ਼ੀਆਂ ਵਿੱਚੋਂ ਕੁੱਝ ਹੱਦ ਤੱਕ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਇਸ ਤਰੀਕੇ ਰਾਹੀਂ ਬਿਜਾਈ ਦਾ ਸਮਾਂ ਬਦਲ ਕੇ, ਤੇਜ਼ੀ ਨਾਲ ਵਧਣ ਫੁੱਲਣ ਵਾਲੀਆਂ ਸਬਜ਼ੀਆਂ/ਕਿਸਮਾਂ ਦੀ ਬਿਜਾਈ ਕਰਕੇ, ਫਾਸਲਾ ਘੱਟ ਅਤੇ ਬੂਟਿਆਂ ਦੀ ਗਿਣਤੀ ਵਧਾ ਕੇ, ਫਸਲ ਵਿਚ ਖਾਦਾਂ ਦੀ ਸਹੀ ਜਗ੍ਹਾ ਅਤੇ ਸਮੇਂ ਤੇ ਵਰਤੋਂ ਕਰਕੇ, ਵੱਖ-ਵੱਖ ਢੰਗਾਂ ਦੀ ਮਲਚਿੰਗ ਅਤੇ ਸਿੰਚਾਈ ਦੇ ਸੁਧਰੇ ਢੰਗ (ਤੁਪਕਾ ਸਿੰਚਾਈ ਅਤੇ 2 ਫੁਹਾਰਾ ਵਿਧੀ) ਅਪਣਾ ਕੇ ਸਬਜ਼ੀਆਂ ਦੀ ਫਸਲਾਂ ਵਿੱਚੋਂ ਕੁੱਝ ਹੱਦ ਤੱਕ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਉਦਾਹਰਣ ਦੇ ਤੌਰ ਤੇ ਗਰਮ ਰੁੱਤ ਦੀਆਂ ਸਬਜ਼ੀਆਂ ਜਿਵੇਂ ਵੇਲਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਪਟੜੇ ਬਣਾ ਕੇ ਹੀ ਕਰਨੀ ਚਾਹੀਦੀ ਹੈ ਤਾਂ ਕਿ ਇਹਨਾਂ ਨੂੰ ਪਾਣੀ ਸਿਰਫ ਖਾਲੀਆਂ ਵਿਚ ਹੀ ਦਿੱਤਾ ਜਾਵੇ। ਸਬਜ਼ੀਆਂ ਵਿਚ ਲੋੜ ਤੋਂ ਜ਼ਿਆਦਾ ਪਾਣੀ ਦੇਣ ਨਾਲ ਨਦੀਨਾਂ ਦੀ ਸਮੱਸਿਆ ਬਹੁਤ ਵੱਧ ਜਾਂਦੀ ਹੈ।

**ਰਸਾਇਣਕ ਢੰਗ** : ਨਦੀਨਾਂ ਦੀ ਰੋਕਥਾਮ ਦਾ ਇਹ ਢੰਗ ਅੱਜ ਕੱਲ ਕਿਸਾਨਾਂ ਵਿਚ ਕਾਫੀ ਪ੍ਰਚੱਲਤ ਹੋ ਰਿਹਾ ਹੈ ਕਿਉਂਕਿ ਇਸ ਤਰੀਕੇ ਨਾਲ ਜਲਦੀ, ਸਸਤੇ ਅਤੇ ਅਸਰਦਾਰ ਤਰੀਕੇ ਨਾਲ ਨਦੀਨਾਂ ਤੇ ਕਾਬੂ ਪਾਇਆ ਜਾ ਸਕਦਾ ਹੈ। ਇਹਨਾਂ ਰਸਾਇਣਾਂ ਦੀ ਲੋੜ ਤੋਂ ਜ਼ਿਆਦਾ ਵਰਤੋਂ ਕਰਨ ਨਾਲ ਨਦੀਨਾਂ ਵਿਚ ਦਵਾਈ ਪ੍ਰਤੀ ਸਹਿਣਸ਼ੀਲਤਾ, ਨਵੇਂ ਨਦੀਨਾਂ ਦਾ ਪੈਦਾ ਹੋਣਾ, ਵਾਤਾਵਰਣ ਦਾ ਗੰਦਲਾਪਣ ਅਤੇ ਇਹਨਾਂ ਦਾ ਮਾਰੂ ਅਸਰ ਜ਼ਮੀਨ, ਦਾਣਿਆਂ ਤੇ ਜਾਂ ਫਸਲ ਤੇ ਆ ਸਕਦਾ ਹੈ। ਇਸ ਲਈ ਇਹਨਾਂ ਦੀ ਯੋਗ ਵਰਤੋਂ ਕਰਕੇ ਨਦੀਨਾਂ ਤੇ ਕਾਬੂ ਪਾਉਣਾ ਚਾਹੀਦਾ ਹੈ।

**ਰਸਾਇਣਕ ਦਵਾਈਆਂ ਰਾਹੀਂ ਨਦੀਨਾਂ ਦੀ ਰੋਕਥਾਮ**

**ਟਮਾਟਰ** : ਫਸਲ ਵਿਚ ਨਦੀਨਾਂ ਦੀ ਰੋਕਥਾਮ ਕਰਨ ਲਈ ਸੈਨਕੋਰ 70 ਡਬਲਯੂ ਪੀ 300 ਗ੍ਰਾਮ ਨੂੰ 200 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਪਨੀਰੀ ਪੁੱਟ ਕੇ ਲਾਉਣ ਤੋਂ 3-4 ਦਿਨ ਪਹਿਲਾਂ ਚੰਗੀ ਤਰ੍ਹਾਂ ਤਿਆਰ ਕੀਤੇ ਅਤੇ ਪੂਰੀ ਨਮੀ ਵਾਲੇ ਖੇਤ ਵਿਚ ਛਿੜਕਾਅ ਕਰੋ।



**ਸਾਉਣੀ ਦਾ ਪਿਆਜ਼** : ਫਸਲ ਦੀ ਬਿਜਾਈ ਸਮੇਂ ਮੌਸਮ ਗਰਮ ਅਤੇ ਬਰਸਾਤੀ ਹੋਣ ਕਰਕੇ ਫਸਲ ਦੀ ਸ਼ੁਰੁਆਤੀ ਅਵਸਥਾ ਵਿਚ ਨਦੀਨਾਂ ਦੀ ਸਮੱਸਿਆ ਬਹੁਤ ਹੁੰਦੀ ਹੈ। ਇਸ ਨਾਲ ਨਦੀਨਾਂ ਦੀ ਰੋਕਥਾਮ ਲਈ ਗੋਲ 23.5 ਈ.ਸੀ. (ਆਕਸੀਡਲੋਰੋਫੈਨ) 380 ਮਿਲੀ ਲਿਟਰ ਪ੍ਰਤੀ ਏਕੜ 200 ਲਿਟਰ ਪਾਣੀ ਵਿਚ ਘੋਲ ਕੇ ਖੇਤ ਵਿਚ ਗੰਢੀਆਂ ਜਾਂ ਪਨੀਰੀ ਲਾਉਣ ਤੋਂ ਇਕ ਹਫਤੇ ਦੇ ਅੰਦਰ-ਅੰਦਰ ਛਿੜਕਾਅ ਕਰਨ ਅਤੇ 90-100 ਦਿਨਾਂ ਬਾਅਦ ਇਕ ਗੋਡੀ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

ਜਿਹਨਾਂ ਸਬਜ਼ੀਆਂ ਵਿਚ ਕਤਾਰਾਂ ਵਿਚਕਾਰਲਾ ਫਾਸਲਾ ਜ਼ਿਆਦਾ ਹੁੰਦਾ ਹੈ ਉੱਥੇ ਖਾਲੀ ਜਗ੍ਹਾ ਤੇ ਨਦੀਨਾਂ ਦੀ ਸਮੱਸਿਆ ਬਹੁਤ ਆਉਂਦੀ ਹੈ। ਇਹਨਾਂ ਨਦੀਨਾਂ ਨੂੰ ਗਰੈਮਕਸੋਨ 24 ਐਸ ਐਲ (ਪੈਰਾਕੁਇਟ ਡਾਈਕਲੋਰਾਈਡ) 3-4 ਮਿਲੀ ਲਿਟਰ ਪ੍ਰਤੀ ਲਿਟਰ ਪਾਣੀ ਵਿਚ ਸੁਰੱਖਿਅਤ ਹੁੱਡ ਲਗਾ ਕੇ ਛਿੜਕਾਅ ਕਰਨ ਨਾਲ ਮੌਸਮੀ ਨਦੀਨਾਂ ਤੇ ਕਾਬੂ ਕੀਤਾ ਜਾ ਸਕਦਾ ਹੈ। ਇਸ ਗੱਲ ਦਾ ਪੂਰਾ ਧਿਆਨ ਰੱਖੋ ਕਿ ਨਦੀਨ ਨਾਸ਼ਕ ਦਵਾਈ ਪੌਦਿਆਂ ਉੱਪਰ ਨਾ ਪਵੇ।



# ਡੇਅਰੀ ਦਾ ਧੰਦਾ ਸ਼ੁਰੂ ਕਰਨ ਲਈ ਲੋੜੀਂਦੀ ਵਿਉਂਤਬੰਦੀ

**ਪਰਮਿੰਦਰ ਸਿੰਘ, ਵਿਪਨ ਕੁਮਾਰ ਰਾਪਪਾਲ, ਕੇ ਵੀ ਕੇ ਪਟਿਆਲਾ ਮੋਬਾਇਲ : 94630-54635**

**1. ਲਵੇਰੀਆਂ** : ਸਭ ਤੋਂ ਪਹਿਲਾਂ ਤਾਂ ਇਹ ਵਿਚਾਰ ਬਣਾਉਣਾ ਪਵੇਗਾ ਕਿ ਮੱਝਾਂ ਰੱਖਣੀਆਂ ਹਨ ਜਾਂ ਗਾਵਾਂ। ਇਹ ਨਿਰਭਰ ਕਰੇਗਾ ਦੁੱਧ ਦੇ ਮੰਡੀਕਰਣ ਉੱਤੇ। ਜੇਕਰ ਦੁੱਧ ਦੋਧੀ ਨੂੰ ਪਾਉਣਾ ਹੋਵੇ ਤਾਂ ਮੱਝਾਂ ਰੱਖਣ ਵਿਚ ਫਾਇਦਾ ਹੈ ਕਿਉਂਕਿ ਉਹ ਫੈਟ ਦੇ ਆਧਾਰ ਤੇ ਲੈਂਦੇ ਹਨ। ਜੇਕਰ ਦੁੱਧ ਪਲਾਂਟ ਨੂੰ ਪਾਉਣਾ ਹੋਵੇ ਤਾਂ ਗਾਵਾਂ ਰੱਖਣ ਵਿਚ ਫਾਇਦਾ ਹੈ ਕਿਉਂਕਿ ਇਹ ਅਦਾਰੇ ਦੁੱਧ ਦਾ ਰੇਟ ਫੈਟ ਅਤੇ ਐਸ.ਐਨ.ਐਫ ਦੇ ਆਧਾਰ ਤੇ ਮਿੱਥਦੇ ਹਨ। ਜੇਕਰ ਦੁੱਧ ਸਿੱਧਾ ਉਪਭੋਗਤਾ ਤੱਕ ਪਹੁੰਚਾਉਣ ਦੀ ਸਹੂਲਤ ਹੋਵੇ ਤਾਂ ਕੋਈ ਵੀ ਲਵੇਰਾ, ਗਾਂਵਾਂ ਜਾਂ ਮੱਝਾਂ ਰੱਖੀਆਂ ਜਾ ਸਕਦੀਆਂ ਹਨ। ਜਿਨ੍ਹਾਂ ਦਾ ਫਾਰਮ ਸ਼ਹਿਰੋਂ ਦੂਰ ਹੋਵੇ ਅਤੇ ਸਾਂਭ-ਸੰਭਾਲ ਵੀ ਮਾੜੀ ਹੋਵੇ, ਉਨ੍ਹਾਂ ਨੂੰ ਮੱਝਾਂ ਪਾਲਣੀਆਂ ਲਾਹੇਵੰਦ ਸਿੱਧ ਹੋ ਸਕਦੀਆਂ ਹਨ। ਜਦਕਿ ਦੋਗਲੀਆਂ ਗਾਵਾਂ ਵਾਸਤੇ ਵਧੀਆ ਸਿਹਤ-ਸਹੂਲਤਾਂ ਵੀ ਲੋੜੀਂਦੀਆਂ ਹਨ।

**2. ਜ਼ਮੀਨ** : ਡੇਅਰੀ ਦੇ ਧੰਦੇ ਵਿਚ ਜ਼ਮੀਨ ਦੋ ਕੰਮਾਂ ਵਾਸਤੇ ਚਾਹੀਦੀ ਹੈ। ਇਕ ਸ਼ੈਡ ਬਨਾਉਣ ਵਾਸਤੇ ਦੂਸਰਾ ਹਰੇ ਚਾਰੇ ਦੀ ਕਾਸ਼ਤ ਵਾਸਤੇ। ਲਵੇਰੀਆਂ ਦਾ ਸ਼ੈਡ ਜਿੰਨਾਂ ਸ਼ਹਿਰਾਂ ਦੇ ਨੇੜੇ ਹੋਵੇਗਾ ਉਨ੍ਹਾਂ ਹੀ ਜ਼ਿਆਦਾ ਫਾਇਦਾ ਹੋਵੇਗਾ। ਇਕ ਤਾਂ ਦੁੱਧ ਪਹੁੰਚਾਉਣਾ ਆਸਾਨ ਹੋਵੇਗਾ ਦੂਸਰਾ ਲਵੇਰੀਆਂ ਦੀ ਖੁਰਾਕ ਜਾਂ ਫਾਰਮ ਦਾ ਕੋਈ ਹੋਰ ਸਮਾਨ ਸ਼ਹਿਰ ਤੋਂ ਲੈ ਕੇ ਆਉਣਾ ਵਿਚ ਵੀ ਆਸਾਨੀ ਹੋਵੇਗੀ। ਸ਼ੈਡ ਕਦੇ ਵੀ ਜ਼ਿਆਦਾ ਆਵਾਜਾਈ ਵਾਲੀ ਸੜਕ ਉਤੇ ਨਾ ਬਣਾਓ। ਇਹ ਸੜਕ ਤੋਂ ਘੱਟੋ-ਘੱਟ 100 ਗਜ਼ ਹਟਵਾਂ ਹੋਣਾ ਚਾਹੀਦਾ ਹੈ। ਪ੍ਰੰਤੂ ਸ਼ਹਿਰ ਜਾਂ ਪਿੰਡ ਤੋਂ ਸ਼ੈਡ ਤੱਕ ਜਾਣ ਦਾ ਰਸਤਾ ਆਸਾਨ ਹੋਣਾ ਚਾਹੀਦਾ ਹੈ। ਸ਼ੈਡ ਉਪਰੋਂ ਬਿਜਲੀ ਦੀ ਤਾਰ ਨਾ ਲੰਘਦੀ ਹੋਵੇ।

3. **ਡੇਅਰੀ ਫਾਰਮ ਦਾ ਸਮਾਨ** : ਡੇਅਰੀ ਫਾਰਮ ਲਈ ਕੁਝ ਕੁ ਸਮਾਨ ਵੀ ਖਰੀਦਣਾ ਪਵੇਗਾ। ਸ਼ੁਰੂ ਵਿਚ ਚਾਰਾ ਕੱਟਣ ਵਾਲੀ ਮਸ਼ੀਨ, ਬਾਲਟੀਆਂ, ਦਾਤੀਆਂ, ਕਹੀਆਂ, ਸੰਗਲ, ਦੁੱਧ ਦੇ ਕੈਨ, ਡਰੰਮ ਆਦਿ ਦੀ ਲੋੜ ਪਵੇਗੀ। ਪਰ ਡੇਅਰੀ ਫਾਰਮ ਵਿਚ ਵਿਸਥਾਰ ਕਰਨ ਨਾਲ ਲੋੜਾਂ ਵੀ ਵੱਧ ਜਾਣਗੀਆਂ। ਸਿੱਟੇ ਵਜੋਂ ਚੁਆਈ ਕਰਨ ਵਾਲੀ ਮਸ਼ੀਨ, ਦਾਣਾ ਪੀਸਣ ਵਾਲੀ ਚੱਕੀ, ਮਿਕਸਰ, ਦੁੱਧ ਠੰਡਾ ਕਰਨ ਵਾਲਾ ਟੈਂਕ, ਟਰੈਕਟਰ ਟਰਾਲੀ ਆਦਿ ਵੀ ਖਰੀਦਣਾ ਪੈ ਸਕਦਾ ਹੈ।

**4. ਵੰਡ ਬਨਾਉਣ ਲਈ ਵਸਤਾਂ** : ਕਦੇ ਵੀ ਬਣੀ ਬਣਾਈ ਬਜਾਰੂ ਫੀਡ ਨਾ ਖਰੀਦੋ। ਲਵੇਰੀਆਂ ਲਈ ਸੰਤੁਲਿਤ ਖੁਰਾਕ ਬਨਾਉਣ ਲਈ ਵੱਖ-ਵੱਖ ਵਸਤਾਂ ਮਾਰਕੀਟ ਤੋਂ ਖਰੀਦਣੀਆਂ ਪੈਣਗੀਆਂ। ਵਸਤਾਂ ਉਸ ਮੰਡੀ ਵਿੱਚੋਂ ਖਰੀਦੋ ਜਿਹੜੇ ਇਲਾਕੇ ਵਿਚ ਉਸ ਜਿਣਸ ਦੀ ਪੈਦਾਵਾਰ ਜ਼ਿਆਦਾ ਹੋਵੇ ਜਿਵੇਂ ਮੱਕੀ ਹਿਮਾਚਲ ਪ੍ਰਦੇਸ਼ ਤੋਂ ਅਤੇ ਜੁਆਰ ਰਾਜਸਥਾਨ ਤੋਂ।

**5. ਡੇਅਰੀ ਮਜ਼ਦੂਰ** : ਡੇਅਰੀ ਫਾਰਮ ਚਲਾਉਣ ਲਈ ਨੌਕਰਾਂ ਦੀ ਲੋੜ ਵੀ ਪਵੇਗੀ। ਯੂਨੀਵਰਸਿਟੀ ਦੀਆਂ ਸਿਫਾਰਿਸ਼ਾਂ ਮੁਤਾਬਿਕ 10 ਪਸ਼ੂਆਂ ਲਈ ਇਕ ਨੌਕਰ ਰੱਖਣਾ ਚਾਹੀਦਾ ਹੈ। ਡੇਅਰੀ ਫਾਰਮ ਤੇ ਤਿੰਨ ਮੁੱਖ ਕੰਮ ਹੁੰਦੇ ਹਨ। ਹਰਾ ਵੱਢਣਾ ਅਤੇ ਕੁਤਰਨਾ, ਧਾਰਾਂ ਕੱਢਣੀਆਂ ਅਤੇ ਗੋਹਾ ਚੁੱਕਣਾ। ਇਸ ਕੰਮ ਪਿੰਡ ਦੇ ਕਿਸੇ ਕਾਮੇ ਜਾਂ ਪ੍ਰਵਾਸੀ ਮਜ਼ਦੂਰ ਤੋਂ ਲਏ ਜਾ ਸਕਦੇ ਹਨ। ਪ੍ਰਵਾਸੀ ਮਜ਼ਦੂਰ ਘੱਟ ਮਜ਼ਦੂਰੀ ਤੇ ਵੀ ਕੰਮ ਕਰਨ ਨੂੰ ਤਿਆਰ ਹੋ ਜਾਂਦੇ ਹਨ ਪਰ ਉਹਨਾਂ ਤੇ ਵਿਸ਼ਵਾਸ ਕਰਨਾ ਬਹੁਤ ਔਖਾ ਹੁੰਦਾ ਹੈ। ਜੇਕਰ ਡੇਅਰੀ ਫਾਰਮ ਵੱਡਾ ਹੈ ਤਾਂ ਮਜ਼ਦੂਰਾਂ ਤੋਂ ਪੂਰਾ ਕੰਮ ਲੈਣ ਲਈ ਇਕ ਸੁਪਰਵਾਈਜ਼ਰ ਵੀ ਰੱਖਣਾ ਪਵੇਗਾ। ਤੀਹ ਮਜ਼ਦੂਰਾਂ ਪਿੱਛੇ ਇਕ ਸੁਪਰਵਾਈਜ਼ਰ ਕਾਫੀ ਹੁੰਦਾ ਹੈ।

**6. ਲਵੇਰੀਆਂ ਦਾ ਬੀਮਾ** : ਕਿਸੇ ਲਵੇਰੀ ਦੀ ਅਚਨਚੇਤ ਮੌਤ ਨਾਲ ਕਾਫੀ ਆਰਥਿਕ ਨੁਕਸਾਨ ਹੁੰਦਾ ਹੈ। ਅਜਿਹੇ ਆਰਥਿਕ ਨੁਕਸਾਨ ਤੋਂ ਬਚਣ ਲਈ ਹਰੇਕ ਲਵੇਰੀ ਦਾ ਬੀਮਾ ਜ਼ਰੂਰ ਕਰਵਾਓ। ਬੀਮਾ ਕਰਵਾਉਣ ਲਈ ਡੇਅਰੀ ਵਿਭਾਗ ਨਾਲ ਸੰਪਰਕ ਕਰੋ ਅਤੇ ਸਰਕਾਰੀ ਸਕੀਮ ਦਾ ਫਾਇਦਾ ਉਠਾਓ।

**7. ਸਰਮਾਇਆ ਦਾ ਕਰਜਾ** : ਡੇਅਰੀ ਦਾ ਕਿੱਤਾ ਸ਼ੁਰੂ ਕਰਨ ਲਈ ਜਾਂ ਪਹਿਲਾਂ ਤੋਂ ਚਲ ਰਹੇ ਡੇਅਰੀ ਫਾਰਮ ਵਿਚ ਵਿਸਥਾਰ ਕਰਨ ਲਈ ਪੈਸੇ ਦੀ ਲੋੜ ਪੈਂਦੀ ਹੈ। ਪਹਿਲਾਂ ਤੋਂ ਬਚਾ ਕੇ ਰੱਖੇ ਪੈਸੇ ਜਾਂ ਹੋਰ ਕੋਈ ਪਰਿਵਾਰਕ ਆਮਦਨ ਨਾਲ ਡੇਅਰੀ ਫਾਰਮ ਵਿਚ ਵਿਸਥਾਰ ਕੀਤਾ ਜਾ ਸਕਦਾ ਹੈ। ਜੇਕਰ ਜ਼ਿਆਦਾ ਪੈਸੇ ਦੀ ਲੋੜ ਹੋਵੇ ਤਾਂ ਇਲਾਕੇ ਦੇ ਬੈਂਕ ਤੋਂ ਲੋਨ ਲਿਆ ਜਾ ਸਕਦਾ ਹੈ। ਆੜਤੀਆਂ ਜਾਂ ਹੋਰ ਕਿਸੇ ਏਜੰਸੀ ਤੋਂ ਕਰਜ਼ਾ ਨਾ ਲਓ ਕਿਉਂਕਿ ਇਹਨਾਂ ਦੀ ਵਿਆਜ ਦਰ ਬੈਂਕ ਦੇ ਮੁਕਾਬਲੇ ਬਹੁਤ ਜ਼ਿਆਦਾ ਹੁੰਦੀ ਹੈ। ਡੇਅਰੀ ਦੇ ਧੰਦੇ ਲਈ ਜ਼ਰੂਰੀ ਹੈ ਕਿ ਬੈਂਕ ਤੋਂ ਲਿਆ ਗਿਆ ਕਰਜਾ ਡੇਅਰੀ ਦੇ ਕੰਮ ਵਿਚ ਹੀ ਲੱਗੇ। ਕਿਸੇ ਹੋਰ ਕੰਮ ਲਈ ਇਸਤੇਮਾਲ ਕਰਨ ਨਾਲ ਅਜਿਹੇ ਕਰਜ਼ੇ ਦੀ ਕਿਸ਼ਤ ਮੋੜਨ ਵਿਚ ਕਠਿਨਾਈ ਆ ਸਕਦੀ ਹੈ।

**8. ਮੰਡੀਕਰਨ** : ਡੇਅਰੀ ਫਾਰਮ ਦਾ ਕੰਮ ਕਰਨ ਵੇਲੇ ਦੁੱਧ ਦੇ ਮੰਡੀਕਰਨ ਸਬੰਧੀ ਵੀ ਵਿਚਾਰ ਕਰਨਾ ਪਵੇਗਾ। ਕਣਕ, ਝੋਨਾ ਅਤੇ ਹੋਰ ਜਿਨਸਾਂ ਨੂੰ ਤਾਂ ਸਟੋਰ ਕਰਕੇ ਰੱਖਿਆ ਜਾ ਸਕਦਾ ਹੈ। ਪ੍ਰੰਤੂ ਦੁੱਧ ਨੂੰ ਉਸੇ ਦਿਨ ਵੇਚਣਾ ਪਵੇਗਾ। ਦੁੱਧ ਕੋਅਪਰੇਟਿਵ ਸੋਸਾਇਟੀ, ਪ੍ਰਾਈਵੇਟ ਸੈਕਟਰ, ਦੋਧੀ, ਹਲਵਾਈ ਜਾਂ ਸਿੱਧਾ ਉਪਭੋਗਤਾ ਨੂੰ ਵੇਚਿਆ ਜਾ ਸਕਦਾ ਹੈ। ਦੁੱਧ ਸਿੱਧਾ ਉਪਭੋਗਤਾ ਤੱਕ ਪਹੁੰਚਾਉਣ ਨਾਲ ਜ਼ਿਆਦਾ ਪੈਸੇ ਦੀ ਬੱਚਤ ਹੋ ਸਕਦੀ ਹੈ।

**9. ਗੋਬਰ ਦਾ ਪ੍ਰਬੰਧ** : ਡੇਅਰੀ ਫਾਰਮ ਤੇ ਇਕੱਠੇ ਕੀਤੇ ਗੋਬਰ ਦੀ ਸੁਚੱਜੀ ਵਰਤੋਂ ਨਾਲ ਵੀ ਆਮਦਨ 'ਚ ਵਾਧਾ ਕੀਤਾ ਜਾ ਸਕਦਾ ਹੈ। ਗੋਬਰ ਤੋਂ ਗੋਬਰ ਗੈਸ ਬਣਾ ਕੇ ਚੁੱਲਾ ਜਲਾਇਆ ਜਾ ਸਕਦਾ ਹੈ। ਇਸ ਨਾਲ ਤੇਲ ਜਾਂ ਐਲ.ਪੀ.ਜੀ. ਗੈਸ ਜਾਂ ਕਿਸੇ ਹੋਰ ਬਾਲਣ ਤੇ ਆਉਣ ਵਾਲਾ ਖਰਚਾ ਬਚ ਸਕਦਾ ਹੈ। ਗੋਬਰ ਗੈਸ ਤੋਂ ਰੌਸ਼ਨੀ ਬਲਬ ਦੀ ਜਗਾਇਆ ਜਾ ਸਕਦਾ ਹੈ। ਗੋਬਰ ਗੈਸ ਤੋਂ ਪੈਦਾ ਹੋਈ ਸਲੱਰੀ ਨੂੰ ਸਿੱਧਾ ਖੇਤਾਂ ਵਿਚ ਵਰਤਿਆ ਜਾ ਸਕਦਾ ਹੈ।



# ਖੇਤੀ ਲਾਗਤਾਂ, ਸਮਰਥਨ ਮੁੱਲ ਤੇ ਸਵਾਮੀਨਾਥਨ

ਗੁਲਜ਼ਾਰ ਸਿੰਘ ਸੰਧੂ

ਕਿਸਾਨੀ ਦਾ ਮਸਲਾ ਕਿਸੇ ਤਣ-ਪੱਤਣ ਨਹੀਂ ਲੱਗ ਰਿਹਾ। ਵਰਤਮਾਨ ਸਰਕਾਰ ਵਲੋਂ ਕਾਰਪੋਰੇਟ ਸੰਸਥਾਵਾਂ ਨੂੰ ਦਿੱਤੀ ਹੱਲਾਸ਼ੇਰੀ ਨੇ ਇਸ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੱਤਾ ਹੈ। ਖਰੀਦਣ ਵਾਲਿਆਂ ਦੀ ਬਦਨੀਤੀ ਤੇ ਦਖਲ ਅੰਦਾਜ਼ੀ ਘੱਟੋ-ਘੱਟ ਸਮਰਥਨ ਮੁੱਲ ਨੂੰ ਗਰੰਟੀਸ਼ੁਦਾ ਬਣਾਉਣ ਦੇ ਰਾਹ ਵਿਚ ਅੜਿੱਕਾ ਬਣੀ ਬੈਠੀ ਹੈ।

ਕਿਸਾਨਾਂ ਸਿਰ ਕਰਜ਼ਾ ਤੇਜ਼ੀ ਨਾਲ ਵਧ ਰਿਹਾ ਹੈ, ਜਿਹੜਾ ਸਤੰਬਰ 2016 ਤੱਕ 1260 ਲੱਖ ਕਰੋੜ ਰੁਪਏ ਹੋ ਚੁੱਕਾ ਸੀ। 1996 ਤੋਂ 2013 ਤੱਕ ਤਿੰਨ ਲੱਖ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਸਨ। ਦੁਨੀਆਂ ਦੇ ਹਜ਼ਾਰਾਂ ਸਾਲਾਂ ਦੇ ਖੇਤੀਬਾੜੀ ਦੇ ਇਤਿਹਾਸ ਵਿਚ ਮਹਾਮਾਰੀਆਂ ਜਾਂ ਕਾਲਾਂ ਨਾਲ ਕਿਸਾਨ ਮਰਦੇ ਤਾਂ ਸੁਣੇ ਸਨ ਪਰ ਇੰਨੀ ਵੱਡੀ ਪੱਧਰ 'ਤੇ ਖੁਦਕੁਸ਼ੀਆਂ ਨਾਲ ਮਰਦੇ ਨਹੀਂ।

ਕੇਂਦਰ ਦੀ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ ਨਿਸ਼ਚਿਤ ਕਰਨ ਲਈ ਖੇਤੀਬਾੜੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਵੀ ਬਣਾਇਆ ਹੋਇਆ ਹੈ ਪਰ ਇਸ ਦੀ ਪੇਸ਼ ਨਹੀਂ ਜਾਂਦੀ। ਸ਼ੁਰੂ-ਸ਼ੁਰੂ ਵਿਚ ਇਸ ਨੂੰ ਕਾਨੂੰਨੀ ਰੂਪ ਦੇਣ ਵਾਸਤੇਵੱਡੇ ਪੱਧਰ 'ਤੇ ਰਾਜਨੀਤਕ ਸਮਰਥਨ ਮਿਲਿਆ ਸੀ, ਪ੍ਰੰਤੂ ਮਗਰੋਂ ਦੀਆਂ ਸਰਕਾਰਾਂ ਇਸ ਨੂੰ ਇਹ ਰੂਪ ਦੇਣ 'ਚ ਨਾਕਾਮਯਾਬ ਰਹੀਆਂ ਹਨ ਅਤੇ ਇਸੇਕਾਰਨ ਖੇਤੀਬਾੜੀ ਖੇਤਰ ਅੱਜ ਵੀ ਸ਼ਸ਼ੋਪੰਜ ਵਾਲੇ ਹਾਲਤ 'ਚੋਂ ਗੁਜ਼ਰ ਰਿਹਾ ਹੈ। ਨਿਸ਼ਚੇ ਹੀ ਹੁਣ ਦਹਾਕਿਆਂ ਪੁਰਾਣੀ ਐੱਮ. ਐੱਸ. ਪੀ. ਦੀ ਨੀਤੀ ਨੂੰ ਕਮਜ਼ੋਰ ਕਰਨ ਵਾਲੇ ਕਾਰਨਾਂ ਨੂੰ ਦੂਰ ਕਰਨ, ਇਸ ਵਿਵਸਥਾ ਦੀਆਂ ਜਟਿਲਤਾਵਾਂ ਨੂੰ ਹਟਾਉਣ ਅਤੇ ਦੇਸ਼ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਨੂੰ ਸ਼ਕਤੀਸ਼ਾਲੀ ਬਣਾਉਣ ਦੀ ਲੋੜ ਹੈ, ਪਰ ਇਸ ਵਿਚ ਆ ਰਹੀ ਰੁਕਾਵਟ ਨੂੰ ਸਮਝਣਾ ਵੀ ਜ਼ਰੂਰੀ ਹੈ। ਉਹ ਇਹ ਕਿ ਘੱਟੋ-ਘੱਟ 23 ਫਸਲਾਂ ਦਾ ਸਮਰਥਨ ਮੁੱਲ ਅਜਿਹਾ ਮੁੱਲ ਹੈ, ਜਿਹੜਾ ਪ੍ਰਸ਼ਾਸਨ ਦੀ ਸਲਾਹ ਨਾਲ ਤੈਅ ਕੀਤਾ ਜਾਂਦਾ ਹੈ। ਇਹ ਕੰਮ ਖੇਤੀ ਲਾਗਤਾਂ 'ਤੇ ਮੁੱਲ ਕਮਿਸ਼ਨ ਨੇ ਕਰਨਾ ਹੁੰਦਾ ਹੈ, ਜਿਹੜਾ ਹਰ ਸਾਲ ਬਦਲਦਾ ਰਹਿੰਦਾ ਹੈ। ਹੁੰਦਾ ਇਹ ਹੈ ਕਿ ਬਾਜ਼ਾਰ 'ਚ ਅਨਾਜ ਦੀਆਂ ਕੀਮਤਾਂ ਥੱਲੇ ਡਿਗਦੇ ਸਾਰ ਘੱਟੋ-ਘੱਟ ਸਮਰਥਨ ਮੁੱਲ ਥੱਲੇ ਚਲਾ ਜਾਂਦਾ ਹੈ। ਨੀਤੀ ਆਯੋਗ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਇਸ ਦਾ ਲਾਭ ਕੇਵਲ 6 ਪ੍ਰਤੀਸ਼ਤ ਕਿਸਾਨਾਂ ਨੂੰ ਹੀ ਮਿਲਦਾ ਹੈ। ਸਰਕਾਰ ਖੇਤੀ ਉਪਜ ਦਾ ਕੇਵਲ 11 ਪ੍ਰਤੀਸ਼ਤ ਕਿਸਾਨਾਂ ਤੋਂ ਖਰੀਦਣ ਦੇ ਯੋਗ ਹੁੰਦੀ ਹੈ। ਨਤੀਜੇ ਵਜੋਂ 90 ਫੀਸਦੀ ਤੋਂ ਜ਼ਿਆਦਾ ਫਸਲਾਂ ਤੈਅ ਸ਼ੁਦਾ ਐੱਮ. ਐੱਸ. ਪੀ. ਤੋਂ 20 ਤੋਂ 30 ਫੀਸਦੀ ਘੱਟ ਮੁੱਲ 'ਤੇ ਵੇਚੀਆਂ ਜਾਂਦੀਆਂ ਹਨ। ਕਿਸਾਨਾਂ ਨੂੰ ਇਕ ਏਕੜ ਖੇਤ ਦੀ ਪੈਦਾਵਾਰ 'ਤੇ ਕਰੀਬ 20 ਹਜ਼ਾਰ ਰੁਪਏ ਦਾ ਨੁਕਸਾਨ ਹੁੰਦਾ ਹੈ, ਜਿਸ ਦੀ ਸਾਲਾਨਾ ਗਿਣਤੀ-ਮਿਣਤੀ ਕਰੀਏ ਤਾਂ ਇਹ ਨੁਕਸਾਨ ਕਰੀਬ 10 ਲੱਖ ਕਰੋੜ ਦਾ ਹੋ ਜਾਂਦਾ ਹੈ। ਭਾਰਤੀ ਅੰਤਰਰਾਸ਼ਟਰੀ ਆਰਥਿਕਤਾ ਸੰਬੰਧੀ ਖੋਜ ਕੌਂਸਲ (ਸੀ.ਆਰ. ਆਈ.ਈ.) ਅਤੇ ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ ਵਲੋਂ ਕੀਤੇ ਗਏ ਇਕ ਅਧਿਐਨ ਤੋਂ ਵੀ ਇਹੀਓ ਪਤਾ ਲੱਗਿਆ ਹੈ ਕਿ ਬੇਅਸਰ ਨੀਤੀਆਂ ਕਾਰਨ ਭਾਰਤੀ ਕਿਸਾਨਾਂ ਨੂੰ ਸੰਨ 2000 ਤੋਂ ਲਗਾਤਾਰ ਨੁਕਸਾਨ ਹੋ ਰਿਹਾ ਹੈ। ਚੇਤੇ ਰਹੇ ਕਿ 2017-18 ਵਿਚ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੇ ਐਲਾਨ ਅਨੁਸਾਰ ਨਰਮੇ ਦਾ ਲਾਗਤ ਖਰਚਾ 4300 ਰੁਪਏ ਪ੍ਰਤੀ ਕੁਇੰਟਲ, ਰਾਗੀ ਦਾ 2001 ਰੁਪਏ ਅਤੇ ਜਵਾਰ ਦਾ 2000 ਰੁਪਏ ਪ੍ਰਤੀ ਕੁਇੰਟਲ ਗਿਣਿਆ ਸੀ। ਇਸ ਦੇ ਬਾਵਜੂਦ ਨਰਮੇ ਦਾ ਘੱਟੋ-ਘੱਟ ਸਮਰਥਨ ਮੁੱਲ 4020 ਰੁਪਏ ਪ੍ਰਤੀ ਕੁਇੰਟਲ, ਰਾਗੀ ਦਾ 1900 ਰੁਪਏ ਅਤੇ ਜਵਾਰ ਦਾ 1700 ਰੁਪਏ ਪ੍ਰਤੀ ਕੁਇੰਟਲ ਐਲਾਨ ਕੀਤਾ ਗਿਆ। ਇਉਂ ਕਿਸਾਨਾਂ ਦੀ ਫਸਲ ਘੱਟੋ-ਘੱਟ ਸਮਰਥਨ ਮੁੱਲ ਉੱਪਰ ਵਿਕਣ ਉੱਤੇ ਵੀ ਨਰਮੇ 'ਤੇ 306 ਰੁਪਏ, ਰਾਗੀ 'ਤੇ 451 ਰੁਪਏ ਅਤੇ ਜਵਾਰ 'ਤੇ 300 ਰੁਪਏ ਕੁਇੰਟਲ ਦਾ ਘਾਟਾ ਪਿਆ। ਇਹ ਵਰਤਾਰਾ 2017-18 ਤੱਕ ਹੀ ਸੀਮਤ ਨਹੀਂ। ਡਾ. ਐੱਮ. ਐੱਸ. ਸਵਾਮੀਨਾਥਨ ਨੇ ਫਸਲਾਂ ਦੇ ਲਾਗਤ ਖਰਚੇ 'ਤੇ 50 ਪ੍ਰਤੀਸ਼ਤ ਮੁਨਾਫੇ ਦੀ ਸਿਫਾਰਸ਼ ਕੀਤੀ ਸੀ। ਸਾਂਝੇ ਪ੍ਰਗਤੀਸ਼ੀਲ ਗੱਠਜੋੜ (ਯੂ. ਪੀ. ਏ.) ਦੀ ਸਰਕਾਰ ਖੁਦ ਸਵਾਮੀਨਾਥਨ ਕਮਿਸ਼ਨ ਬਣਾ ਕੇ ਇਸ ਦੀ ਸਿਫਾਰਿਸ਼ਾਂ ਲਾਗੂ ਨਹੀਂ ਕੀਤੀਆਂ। ਉਦੋਂ ਸਵਾਮੀਨਾਥਨ ਨੇ ਖੇਤੀ ਵਸਤਾਂ ਦੀਆਂ ਜ਼ਿਆਦਾ ਕੀਮਤਾਂ ਮਿਲਣਾ ਦੀਆਂ ਸਿਫਾਰਸ਼ਾਂ ਬਾਰੇ ਪੁੱਛਣ 'ਤੇ ਕਿਹਾ ਸੀ, ਮੈਂ ਕੇਵਲ 50 ਫੀਸਦੀ ਦੀ ਹੀ ਸਿਫਾਰਿਸ਼ ਕੀਤੀ ਹੈ ਪਰ ਦਵਾਈ ਕੰਪਨੀਆਂ 500 ਫੀਸਦੀ ਤੋਂ ਵੱਧ ਮੁਨਾਫੇ ਲੈਂਦੀਆਂ ਹਨ। ਕੋਈ ਵੀ ਕਾਰੋਬਾਰ 50 ਫੀਸਦੀ ਮੁਨਾਫੇ ਤੋਂ ਘੱਟ 'ਤੇ ਚੱਲ ਨਹੀਂ ਸਕਦਾ। ਇਸ ਲਈ ਸਾਰਾ ਕਸ਼ਟ ਕਿਸਾਨ ਕਿਉਂ ਝੱਲਣ।'

ਕਿਸਾਨ ਪਰਿਵਾਰਾਂ ਨੂੰ ਮਹਿੰਗਾਈ ਦੇ ਦੌਰ ਅੰਦਰ ਭੋਜਨ, ਕੱਪੜੇ, ਘਰਾਂ ਦੀ ਮੁਰੰਮਤ, ਖੇਤੀ ਧੰਦਾ ਵਿਕਸਤ ਕਰਨ ਤੇ ਸਮਾਜਿਕ ਜ਼ਿੰਦਗੀ ਜਿਊਣ ਲਈ ਫਸਲਾਂ ਦੀ ਲਾਭਕਾਰੀ ਕੀਮਤ ਚਾਹੀਦੀ ਹੈ। ਇਨ੍ਹਾਂ ਸਾਰੇ ਖਰਚਿਆਂ ਲਈ ਕਿਸਾਨਾਂ ਲਈ 50 ਫੀਸਦੀ ਆਮਦਨ 'ਚ ਵਾਧਾ ਵਾਜਿਬ ਹੈ ਪਰ ਬਦਲ-ਬਦਲ ਕੇ ਬਣ ਰਹੀਆਂ ਸਰਕਾਰਾਂ ਕਾਰਪੋਰਟ ਪੱਖੀ ਨੀਤੀਆਂ 'ਤੇ ਚੱਲ ਰਹੀਆਂ ਹਨ। ਇਨ੍ਹਾਂ ਨੀਤੀਆਂ 'ਤੇ ਚੱਲ ਕੇ ਇਹ ਮੁਲਕ ਦੇ ਕਾਰਪੋਰੇਟਾਂ ਪੱਖੀ ਨੀਤੀਆਂ ਅਪਣਾ ਰਹੀਆਂ ਹਨ। ਇਹ ਨੀਤੀਆਂ ਕਿਸਾਨਾਂ ਦੇ ਉਲਟ ਭੁਗਤ ਰਹੀਆਂ ਹਨ।



ਹਾਲਾਂਕਿ ਸਰਕਾਰ ਨੇ ਕਿਸਾਨਾਂ ਸਾਹਮਣੇ ਕਪਾਹ, ਮੱਕੀ, ਤੂਰ, ਮਾਂਹ ਅਤੇ ਮਸਰੀ ਦੀਆਂ ਫਸਲਾਂ ਪੰਜ ਸਾਲ ਲਈ ਉਨ੍ਹਾਂ ਤੋਂ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਣ ਦਾ ਪ੍ਰਸਤਾਵ ਪੇਸ਼ ਕੀਤਾ ਹੈ ਪਰ ਉਸ ਦੀ ਮਾਤਰਾ ਤੈਅ ਨਹੀਂ ਕੀਤੀ ਗਈ। ਖਾਸ ਗੱਲ ਇਹ ਵੀ ਹੈ ਕਿ ਇਹ ਸਾਰੀਆਂ ਫਸਲਾਂ ਪੰਜਾਬ ਅਤੇ ਹਰਿਆਣਾ ਦੇ ਸੂਬਿਆਂ ਤੋਂ ਬਾਹਰ ਪੈਦਾ ਹੁੰਦੀਆਂ ਹਨ। ਫਿਰ ਵੀ ਇਨ੍ਹਾਂ ਦੀ ਐੱਮ. ਐੱਸ. ਪੀ. ਲਈ ਪੰਜਾਬ ਤੇ ਹਰਿਆਣਾ ਦੇ ਕਿਸਾਨ ਹੀ ਘਰੋਂ ਬਾਹਰ ਨਿਕਲ ਕੇ ਸੜਕਾਂ 'ਤੇ ਬੈਠੇ ਹੋਏ ਹਨ। ਇਸ ਲਈ ਕਿ ਭਿੰਨ-ਭਿੰਨ ਕਿਸਮਾਂ ਦੀਆਂ ਫਸਲਾਂ 'ਤੇ ਐੱਮ. ਐੱਸ. ਪੀ. ਨੂੰ ਕਾਨੂੰਨੀ ਰੂਪ ਦੇਣ ਨਾਲ ਕੀਮਤਾਂ ਦੀ ਸਥਿਰਤਾਂ ਦਾ ਲਾਭ ਕਿਸੇ ਖਾਸ ਕਿਸਾਨ ਤਬਕੇ ਤੱਕ ਹੀ ਸੀਮਿਤ ਨਹੀਂ ਰਹੇਗਾ।

ਵਿਧਾਨਕਾਰ, ਕਿਸਾਨਾਂ ਦੀਆਂ ਗਲਤਫਹਿਮੀਆਂ ਅਤੇ ਚਿੰਤਾਵਾਂ ਨੂੰ ਦੂਰ ਕਰਕੇ ਉਨ੍ਹਾਂ ਲਈ ਜ਼ਿਆਦਾ ਸੁਰੱਖਿਅਤ ਅਤੇ ਖੁਸ਼ਹਾਲੀ ਵਾਲੇ ਭਵਿੱਖ ਦਾ ਰਾਹ ਪੱਧਰਾ ਕਰ ਸਕਦੇ ਹਨ। ਬੇਅਸਰ ਐੱਮ. ਐੱਸ. ਪੀ. ਨੀਤੀ ਨੂੰ ਕਾਨੂੰਨੀ ਗਾਰੰਟੀ ਦੇਣ ਨਾਲ ਖੇਤੀ ਖੇਤਰ ਨੂੰ ਦਰਪੇਸ਼ ਚੁਣੌਤੀਆਂ ਦਾ ਵੱਡੀ ਪੱਧਰ 'ਤੇ ਹੱਲ ਲੱਭੇਗਾ ਅਤੇ ਇਸ ਨਾਲ ਨਾ ਸਿਰਫ ਕਿਸਾਨਾਂ ਦੀਆਂ ਉਲਝਣਾਂ ਨੂੰ ਦੂਰ ਕੀਤਾ ਜਾ ਸਕੇਗਾ, ਬਲਕਿ ਇਹ ਫਸਲੀ ਵਿਭਿੰਨਤਾ ਦੇ ਨਾਲ-ਨਾਲ ਵਿੱਤੀ ਲਚੀਲੇਪਨ ਨੂੰ ਵੀ ਉਤਸ਼ਾਹਿਤ ਕਰ ਸਕਦਾ ਹੈ ਅਤੇ ਇਸ ਨਾਲ ਉਨ੍ਹਾਂ ਕਿਸਾਨਾਂ ਦੀ ਭਲਾਈ ਹੋ ਸਕੇਗੀ, ਜੋ ਪੇਂਡੂ ਆਰਥਿਕਤਾ ਦੀ ਖੁਸ਼ਹਾਲੀ 'ਚ ਆਪਣਾ ਅਹਿਮ ਹਿੱਸਾ ਪਾਉਂਦੇ ਹਨ।

2020-21 ਕਿਸਾਨ ਅੰਦੋਲਨ ਨੇ ਮੁਲਕ ਅੰਦਰ ਕਿਸਾਨਾਂ ਨੂੰ ਜਾਗ ਲਾ ਦਿੱਤੀ ਹੈ। ਦਿੱਲੀ ਕਿਸਾਨ ਅੰਦੋਲਨ ਸਾਰੇ ਭਾਰਤ ਦੇ ਕਿਸਾਨਾਂ ਲਈ ਆਪਣੀਆਂ ਮੰਗਾਂ ਮੰਨਵਾਉਣ ਲਈ ਮਾਡਲ ਬਣ ਚੁੱਕਿਆ ਹੈ। ਕਿਸਾਨਾਂ ਨੂੰ ਆਪਣੀਆਂ ਹੱਕੀ ਮੰਗਾਂ ਲਈ ਇਸੇ ਪਹਿਲੂ 'ਤੇ ਇਕੱਠਿਆਂ ਹੋਣਾ ਪਵੇਗਾ। ਇਸੇ ਅੰਦੋਲਨ ਤੋਂ ਮਾਰਗ ਦਰਸ਼ਨ ਲੈ ਕੇ ਕਿਸਾਨ ਫਿਰ ਅੰਦੋਲਨ ਕਰਨ ਲਈ ਨਿੱਤਰੇ ਹਨ।

# ਗਰਮੀਆਂ ਵਿਚ ਗੁਣਵੱਤਾ ਭਰਪੂਰ ਹਰਾ ਚਾਰਾ ਪੈਦਾ

ਦਵਿੰਦਰਪਾਲ ਸਿੰਘ, ਮੀਨਾਕਸ਼ੀ ਗੋਇਲ ਅਤੇ ਰਾਬਿੰਦਰ ਸਿੰਘ ਸੋਢੂ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ, ਲੁਧਿਆਣਾ ਮੋ. 98763-75167

ਪਸ਼ੂਆਂ ਦੀ ਸਿਹਤ ਨੂੰ ਠੀਕ ਰੱਖਣ ਲਈ ਸਾਰਾ ਸਾਲ 40-50 ਕਿਲੋ ਹਰਾ ਚਾਰਾ ਪ੍ਰਤੀ ਪਸ਼ੂ ਪ੍ਰਤੀ ਦਿਨ ਦੇਣਾ ਚਾਹੀਦਾ ਹੈ ਪ੍ਰੰਤੂ ਇਸ ਵੇਲੇ 30 ਕਿਲੋ ਹਰਾ ਚਾਰਾ ਪ੍ਰਤੀ ਪਸ਼ੂ ਮਿਲ ਰਿਹਾ ਹੈ। ਖੁਰਾਕ ਵਿਚ ਹਰੇ ਚਾਰੇ ਦੀ ਘਾਟ ਹੋਣ ਕਰਕੇ ਦੁੱਧ ਦੀ ਪੈਦਾਵਾਰ ਤੇ ਮਾੜੇ ਅਸਰ ਦੇ ਨਾਲ ਨਾਲ ਪਸ਼ੂਆਂ ਵਿਚ ਖਰਾਕੀ ਤੱਤਾਂ ਦੀ ਘਾਟ ਵੀ ਆ ਜਾਂਦੀ ਹੈ। ਹਰੇ ਚਾਰੇ ਕਿਉਂਕਿ ਨਰਮ ਤੇ ਕੂਲੇ ਹੁੰਦੇ ਹਨ, ਇਸ ਲਈ ਪਸ਼ੂ ਖੁਸ਼ ਹੋ ਕੇ ਖਾਂਦੇ ਹਨ। ਚੰਗੀ ਕੁਆਲਟੀ ਦਾ ਚਾਰਾ ਪੈਦਾ ਕਰਨ ਲਈ ਬਿਜਾਈ ਤੋਂ ਲੈ ਕੇ ਚਾਰੇ ਦੀ ਕਟਾਈ ਤੱਕ ਕਈ ਗੱਲਾਂ ਦਾ ਧਿਆਨ ਰੱਖਣ ਦੀ ਲੋੜ ਹੈ।

**ਜ਼ਰੂਰੀ ਨੁਕਤੇ :** ★ ਪਸ਼ੂਆਂ ਨੂੰ ਦਾਣੇ ਦੇ ਮੁਕਾਬਲੇ ਫਲੀਦਾਰ ਚਾਰੇ ਤੋਂ ਪ੍ਰੋਟੀਨ ਸਸਤੇ ਭਾਅ ਮਿਲਦੀ ਅਤੇ ਹਰਾ ਚਾਰਾ ਤਾਕਤ ਭਰਪੂਰ ਹੁੰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਰਲਿਆ ਮਿਲਿਆ



ਚਾਰਾ ਪੈਦਾ ਕੀਤਾ ਜਾਵੇ, ਜਿਸ ਵਿਚ ਫਲੀਦਾਰ ਚਾਰੇ ਜਿਵੇਂ ਕਿ ਰਵਾਂਹ, ਗੁਆਰਾ ਅਤੇ ਗੈਰ ਫਲੀਦਾਰ ਚਾਰੇ ਜਿਵੇਂ ਕਿ ਮੱਕੀ, ਜੁਆਰ, ਬਾਜਰਾ ਆਦਿ ਮਿਲਾ ਕੇ ਬੀਜੇ ਜਾਣ।

★ ਚਾਰਿਆਂ ਦੀ ਬਿਜਾਈ ਸਹੀ ਸਮੇਂ ਤੇ ਕਰੋ ਅਤੇ ਬਿਜਾਈ ਤੋਂ ਪਹਿਲਾਂ ਬੀਜ ਦੀ ਸੋਧ ਜ਼ਰੂਰ ਕਰੋ। ਚਾਰਿਆਂ ਵਿਚ ਖਾਦਾਂ ਦੀ ਸੰਤੁਲਤ ਵਰਤੋਂ ਕਰੋ।

★ ਵਧੀਆ ਗੁਣਵੱਤਾ ਅਤੇ ਖੁਰਾਕੀ ਤੱਤਾਂ ਨਾਲ ਭਰਪੂਰ ਚਾਰਾ ਲੈਣ ਲਈ ਚਾਰੇ ਦੀ ਕਟਾਈ ਸਹੀ ਅਵਸਥਾ (ਸਟੇਜ) ਤੇ ਕਰੋ। ਹਰੇ ਚਾਰੇ ਦੀ ਕਟਾਈ ਸਹੀ ਸਟੇਜ ਤੇ ਕਰਨ ਨਾਲ ਪਸ਼ੂਆਂ ਨੂੰ ਹਰੇ ਚਾਰੇ ਵਿੱਚੋਂ 20-25% ਸੁੱਕਾ ਮਾਦਾ ਮਿਲ ਸਕਦਾ ਹੈ।

★ ਚਾਰੇ ਦੀ ਫਸਲ ਨੂੰ ਕੱਟਣ ਤੋਂ ਇਕ ਹਫਤਾ ਪਹਿਲਾਂ ਪਾਣੀ ਜ਼ਰੂਰ ਲਾਓ ਕਿਉਂਕਿ ਸੋਕੇ ਦੀ ਹਾਲਤ ਵਿੱਚ ਚਰ੍ਹੀ ਅਤੇ ਬਾਜਰੇ ਦੇ ਚਾਰੇ ਵਿਚ ਜ਼ਹਿਰੀਲਾਪਨ ਵੱਧ ਜਾਂਦਾ ਹੈ।

★ ਚਾਰਿਆਂ ਵਿਚ ਗੈਰ ਸਿਫਾਰਸ਼ ਰਸਾਇਣਾਂ (ਕੀਟ/ਉੱਲੀਨਾਸ਼ਕਾਂ) ਦੀ ਵਰਤੋਂ ਨਾ ਕਰੋ। ਚਾਰਿਆਂ ਵਿਚ ਬਿਮਾਰੀ ਅਤੇ ਕੀੜਿਆਂ ਦੇ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦੇਣੇ ਚਾਹੀਦੇ ਹਨ।

★ ਵੱਧ ਸੈਲੀਨੀਅਮ ਵਾਲੀਆਂ ਜ਼ਮੀਨਾਂ ਵਿਚ ਚਾਰੇ ਨਾ ਉਗਾਓ।

★ ਨਵੰਬਰ-ਦਸੰਬਰ ਅਤੇ ਮਈ-ਜੂਨ ਦੇ ਮਹੀਨਿਆਂ ਵਿਚ ਪਸ਼ੂਆਂ ਲਈ ਚਾਰੇ ਦੀ ਸਖਤ ਘਾਟ ਨੂੰ ਚਾਰੇ ਦਾ ਅਚਾਰ ਅਤੇ ਹੇਅ ਨਾਲ ਪੂਰਾ ਕੀਤਾ ਜਾ ਸਕਦਾ ਹੈ।

**ਹਰੇ ਚਾਰੇ ਕੱਟਣ ਦਾ ਠੀਕ ਸਮਾਂ ਅਤੇ ਚਾਰਿਆਂ ਵਿਚ ਖੁਰਾਕੀ ਤੱਤ**

| ਚਾਰਾ | ਕੱਟਣ ਦਾ ਠੀਕ ਸਮਾਂ | ਕਟਾਈ ਲਈ ਬਿਜਾਈ ਤੋਂ ਬਾਅਦ ਦਿਨ | ਕੁਲ ਪਚਣਸ਼ੀਲ ਤੱਤ (%) |
|---|---|---|---|
| ਮੱਕੀ | ਸੂਤ ਪੈਣ ਤੋਂ ਦੋਧਾ ਬਣਨ ਤੱਕ | 50-60 ਦਿਨ | 66.2 |
| ਚਰ੍ਹੀ | ਦੋਧਾ ਬਣਨ ਤੱਕ | 75-90 ਦਿਨ | 55.6 |
| ਬਾਜਰਾ | ਸਿੱਟੇ ਨਿਕਲਣ ਤੋਂ ਪਹਿਲਾਂ | 50-55 ਦਿਨ | 58.2 |
| ਨੇਪੀਅਰ ਬਾਜਰਾ | ਇੱਕ ਜਾਂ 1.5 ਮੀਟਰ ਦੀ ਉਚਾਈ | ਪਹਿਲਾ ਕੱਟ 50-60 ਦਿਨ ਬਾਅਦ, ਬਾਕੀ ਕੱਟ 30-35 ਦਿਨ ਦੇ ਫਾਸਲੇ ਤੇ | 59.3 |
| ਗਿੰਨੀ ਘਾਹ | ਇੱਕ ਜਾਂ 1.5 ਮੀਟਰ ਦੀ ਉਚਾਈ | 60-75 ਦਿਨ | 62.4 |
| ਰਵਾਂਹ | ਫੁੱਲ ਪੈਣ ਤੋਂ ਪਹਿਲਾਂ | 55-65 ਦਿਨ | 61.2 |
| ਗੁਆਰਾ | | 90-100 ਦਿਨ | 60.0 |

# ਬਲਾਕ ਕਾਹਨੂੰਵਾਨ ਦੇ ਪਿੰਡ ਨਾਨੋਵਾਲ ਜੀਂਦੜ ਦੇ ਕਿਸਾਨ ਅੰਮ੍ਰਿਤਪਾਲ ਸਿੰਘ ਪਿਛਲੇ 8 ਸਾਲਾਂ ਤੋਂ ਫਸਲੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾ ਕੇ ਸਹਾਇਕ ਧੰਦਿਆਂ 'ਚ ਪੁਰਾਣੇ ਟਰੈਡੀਸ਼ਨਲ ਕਣ ਵਾਲੇ ਗੁੜ-ਸ਼ੱਕਰ ਦੀ ਪ੍ਰੋਸੈਸਿੰਗ ਕਰਨ ਨਾਲ ਚਲਾਉਂਦੇ ਪਟਵਾਰੀ ਜੈਗਰੀ ਪਲਾਂਟ

**ਪੰਜਾਬ ਸਰਕਾਰ ਨੂੰ ਕੀਤੀ ਅਪੀਲ ਬਾਸਮਤੀ ਦੀ ਸਰਕਾਰੀ ਹੋਵੇ ਖਰੀਦ, ਬਲਾਕਾਂ 'ਚ ਚਲਾਵੇ ਸਬਜ਼ੀ ਮੰਡੀਆਂ, ਕੁਲਹਾੜੀ ਤੇ ਹੋਵੇ ਸਬਸਿਡੀ, ਕਿਸਾਨ ਖੇਤ ਦੀ ਵੰਡ 'ਚ ਐਗਰੋ ਫੋਰੈੱਸਟਰੀ, ਫਸਲੀ ਵਿਭਿੰਨਤਾ 'ਚ ਇੰਟਰਕਰੋਪਿੰਗ, ਫਸਲੀ ਚੱਕਰ ਨੂੰ ਦੇਣ ਤਰਜ਼ੀਹ**



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਦੋਸਤੋ ਬਹੁਤ ਸਾਰੇ ਕਿਸਾਨ ਭਰਾਵਾਂ ਦੀਆਂ ਖੇਤੀਬਾੜੀ ਵਿਭਾਗ ਦੁਆਰਾ ਪ੍ਰਕਾਸ਼ਿਤ ਕਿਸਾਨ ਸਫਲ ਕਹਾਣੀ ਸੰਗ੍ਰਹਿ ਤੁਸੀਂ ਲਗਾਤਾਰ ਪੜਦੇ ਆਏ ਹੋ। ਜਿਸ ਕਹਾਣੀ 'ਚ ਹਰੇਕ ਕਿਸਾਨ ਜੋ ਖੇਤੀ ਜਾਂ ਸਹਾਇਕ ਧੰਦੇ ਜਾਂ ਪ੍ਰੋਸੈਸਿੰਗ ਦੇ ਕੰਮ ਆਪਣੇ ਪੱਧਰ 'ਤੇ ਸ਼ੁਰੂ ਕਰਨ ਸਮੇਂ ਉਸ ਨੂੰ ਜੋ ਸਮਾਜ ਵਿਚ ਚੱਲ ਰਹੀ ਈਰਖਾ ਵਾਲੀ ਨਾ-ਪੱਖੀ ਬਿਰਤੀ ਦਾ ਸ਼ਿਕਾਰ ਹੋਣਾ ਪਿਆ। ਪਰ ਅੰਮ੍ਰਿਤਪਾਲ ਸਿੰਘ ਪਿੰਡ ਨਾਨੋਵਾਲ ਜੀਂਦੜ, ਬਲਾਕ ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ ਦੇ ਕਿਸਾਨ ਜੋ ਕਿ ਨੌਵੀਂ ਜਮਾਤ ਤੋਂ ਖੇਤੀ ਦੇ ਸ਼ੌਂਕ ਅਤੇ ਆਪਣੀ ਸਖਤ ਮਿਹਨਤ ਸਦਕਾ ਖੁਦ ਬੇਹੱਦ ਪੜ੍ਹਿਆ ਲਿਖਿਆ ਹੈ। ਜਿਸ ਨੇ ਐੱਮ. ਐੱਸ. ਸੀ. ਫਿਜ਼ੀਕਸ ਦੀ ਪੜ੍ਹਾਈ ਕੀਤੀ ਹੋਈ ਹੈ ਅਤੇ ਬੇਹੱਦ ਆਪਣੇ ਪਰਿਵਾਰ ਤੇ ਆਪਣੇ ਇਰਦ ਗਿਰਦ ਦੇ



ਸਾਥੀਆਂ ਨਾਲ ਇਸ ਬਿਜ਼ਨੈਸ ਬਾਰੇ ਪਲੈਨਿੰਗਾਂ ਨਾਲ ਆਪਣੇ ਹਾਂ-ਪੱਖੀ ਤੇ ਨਾ-ਪੱਖੀ ਕਹਿ ਲਵੋ ਕਿ ਫਾਇਦੇ ਨੁਕਸਾਨ ਸਭ ਸਮਝ ਕੇ ਚੱਲਿਆ। ਇਸ ਸਹਾਇਕ ਧੰਦੇ ਨੂੰ ਅਪਨਾਉਣ ਦੀ ਪਲੈਨਿੰਗ ਦੇ ਨਾਲ ਖੇਤ ਨੂੰ ਵੀ ਉਸ ਵੱਲੋਂ ਮੁਕੰਮਲ ਲੇ-ਆਊਟ ਕੀਤਾ ਗਿਆ। ਜਿਸ ਵਿਚ ਅੰਮ੍ਰਿਤਪਾਲ ਸਿੰਘ ਵੱਲੋਂ ਕੁੱਲ ਰਕਬੇ ਦੀ ਮਾਲਕੀ ਦੇ ਹਿਸਾਬ ਨਾਲ ਪੰਜਵੇਂ ਹਿੱਸੇ 'ਚ ਪਾਪੂਲਰ/ਐਗਰੋਫੋਰੈਸਟਰੀ ਅਧੀਨ ਲਿਆਂਦਾ, ਜਿਸ 'ਚ ਮੇਨ ਫਸਲ 'ਚ ਇੰਟਰਕਰੋਪਿੰਗ ਕਰਕੇ ਸਰ੍ਹੋਂ ਬੀਜੀ ਜਾਂਦੀ ਹੈ। ਬਾਕੀ ਅੱਧੇ ਵਿਚ ਕਣਕ ਝੋਨਾ ਤੇ ਬਾਕੀ ਫਿਰ ਅੱਧੇ ਰਕਬੇ 'ਚ ਗੰਨੇ ਦੀ ਫਸਲ ਹੇਠਾਂ ਲਿਆਂਦੀ ਜਾਂਦੀ ਹੈ। ਜਦਕਿ ਗੰਨੇ 'ਚ ਫਿਰ ਵੱਖ-ਵੱਖ ਸਬਜ਼ੀਆਂ ਦੀ ਇੰਟਰਕਰੋਪਿੰਗ ਕੀਤੀ। ਇਸ ਧੰਦੇ ਵੱਲ ਮੁੜਨਾ ਵੀ ਏਰੀਏ ਦੀ ਸ਼ੂਗਰ ਮਿੱਲ ਵੱਲੋਂ ਸਮੇਂ ਸਿਰ ਅਦਾਇਗੀ ਨਾ ਹੋਣਾ ਤੇ ਜ਼ਿਆਦਾ ਖਰਾਬ ਕਰਨਾ ਹੀ ਮੁੱਖ ਕਾਰਨ ਬਣਿਆ। ਉਨ੍ਹਾਂ ਕਿਹਾ ਕਿ ਮੇਰੇ ਨਜ਼ਦੀਕੀ ਸਿਆਸੀ ਸੱਜਣ ਨੇ ਕਿਹਾ ਕਿ ਤੁਸੀਂ ਆਪਣੇ ਵਰਤਮਾਨ ਤੌਰ ਤਰੀਕੇ ਹੀ ਕਿਉਂ ਨਹੀਂ ਬਦਲ ਲੈਂਦੇ ਖੇਤੀ ਦੇ। ਕਿਉਂਕਿ ਏਥੇ ਤਾਂ ਹਾਲਾਤ ਅਜਿਹੇ ਤੰਗ ਪ੍ਰੇਸ਼ਾਨ ਕਰਨ ਵਾਲੇ ਹੀ ਰਹਿਣਗੇ। ਤਦ ਉਹਨਾਂ ਕਿਹਾ ਕਿ ਤੁਸੀਂ ਕਿਉਂ ਨਹੀਂ ਆਪਣੀ ਹੀ ਕੁਲਹਾੜੀ ਲਗਾ ਕੇ ਆਪ ਖੁਦ ਗੁੜ ਸ਼ੱਕਰ ਬਣਾ ਕੇ ਸਿੱਧਾ ਵੇਚਦੇ ਹੋ, ਸ਼ੂਗਰ ਮਿੱਲਾਂ ਨੂੰ ਗੰਨਾ ਪੀੜਨ ਲਈ ਭੇਜੋ ਹੀ ਨਾ। ਬੱਸ ਉਹੀ ਗੁੱਸੇ ਨਾਲ ਸ਼ੁਰੂਆਤ ਹੋਈ ਪਟਵਾਰੀ ਜੈਗਰੀ ਪਲਾਂਟ ਬਣਾਉਣ ਦੀ। ਪੰਜਾਬ ਸਰਕਾਰ ਦੇ ਚਲੰਤ ਵਾਤਾਵਰਣ ਪ੍ਰਦੂਸ਼ਣ ਦੇ ਮੁੱਦੇ ਦੀ ਗੱਲ ਕਰਦਿਆਂ ਕਿਹਾ ਕਿ ਮੈਂ ਪਿਛਲੇ 8 ਸਾਲਾਂ ਤੋਂ ਵਾਤਾਵਰਣ ਸਾਫ ਰੱਖਣ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ, ਫਸਲੀ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਈ, ਖੇਤ 'ਚ ਹੀ ਦਬਾਈ।

## ਆਓ ਗੱਲ ਕਰੀਏ ਕਿਸਾਨ ਨਾਲ

**ਕਿਸਾਨੀ ਤਜ਼ਰਬੇ :** ਕਿਸਾਨ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਮੈਂ ਆਪਣੇ ਜੈਗਰੀ ਪਲਾਂਟ ਵਿਚ ਕੈਮਰੇ ਲਗਾਏ ਹਨ, ਜੋ ਮੇਰੇ ਮੋਬਾਈਲ ਨਾਲ ਅਟੈਚ ਹਨ। ਜਿਸ ਤੇ ਮੇਰੀ ਹਰ ਸਮੇਂ ਨਜ਼ਰ ਰਹਿੰਦੀ ਹੈ। ਉੱਥੇ ਪਲਾਂਟ ਤੇ ਕੰਮ ਕਰਨ ਨਾਲ ਮੈਂ ਬਾਕੀ ਦੀ ਖੇਤੀ ਵੀ ਮੇਰੇ ਇਕੱਲੇ ਵੱਲੋਂ ਹੀ ਭੱਜ ਦੌੜ ਨਾਲ ਦੇਖੀਂ ਜਾ ਰਹੀ ਹੈ। ਉਹਨਾਂ ਕਿਹਾ ਕਿ ਮੈਂ ਸ਼ੁਰੂਆਤ ਚ ਬਹੁਤ ਸਾਰੇ ਨੇੜੇ ਦੇ ਤੇ ਦੂਰ-ਦੁਰਾਡੇ ਦੇ



ਪੰਜਾਬੀਆਂ ਤੇ ਭਈਆਂ ਦੇ ਵੀ ਵੇਲਣੇ ਕੁਲਹਾੜੀ ਵਿਜ਼ਿਟ ਕੀਤੇ, ਪਰ ਜੋ ਕੁਆਲਿਟੀ ਮੈਂ ਆਪਣੇ ਪੁਰਖਿਆਂ ਦੇ ਸਮਿਆਂ ਦੀ ਲੱਭਦਾ ਸੀ। ਉਹ ਏਨਾ ਫਿਰਨ ਦੇ ਬਾਵਜੂਦ ਵੀ ਨਹੀਂ ਮਿਲੀ। ਅਖੀਰ ਮੈਂ ਤਜ਼ਰਬੇ ਅਨੁਸਾਰ ਅੱਜ ਵਧੀਆ ਉੱਚ ਕੁਆਲਿਟੀ ਦੇਖਦਿਆਂ ਹੋਇਆਂ ਗੁੜ ਬਣਾਇਆ ਜਾਂਦਾ ਹੈ। ਮੈਂ ਪੁਰਾਣੇ ਸਮਿਆਂ ਦੇ ਟਰੈਡਿਸ਼ਨਲ ਗੁੜ ਜੋ ਕਿ ਕਣ ਵਾਲਾ ਹੁੰਦਾ ਸੀ, ਜਿਸ ਦਾ ਜਾਇਕਾ ਮੂੰਹੋਂ ਲਹਿੰਦਾ ਨਹੀਂ ਸੀ। ਬੱਸ ਇਸੇ ਤਰ੍ਹਾਂ ਸਾਡੇ ਗੁੜ ਦੀ ਖੁਸ਼ਬੋ ਬਾਕੀਆਂ ਨਾਲੋਂ ਅਲੱਗ ਹੈ ਤੇ ਇਸ ਵਿਚ ਕੋਈ ਜ਼ਿੱਡ ਨਹੀਂ ਹੁੰਦੀ ਜੋ ਹੱਥਾਂ ਨਾਲ ਨਹੀਂ ਲੱਗਦੀ। ਮੂੰਹ ਵਿਚ ਖਾਂਦਿਆਂ ਘੁੱਲਣ ਤੇ ਉਸਦੀ ਸ਼ੁੱਧਤਾ ਦੇ ਕੁਆਲਿਟੀ ਦੇ ਪਾਏ ਜਾਣ ਦਾ ਆਪ ਇਨਸਾਨ ਨੂੰ ਪਤਾ ਲੱਗਦਾ ਹੈ। ਗੁੜ ਨਾਲ ਚਾਹ ਬਣਾਉਂਦਿਆਂ ਦੁੱਧ ਫੱਟਦਾ ਨਹੀਂ। ਇਹ ਕਹਿ ਲਵੋ ਕਿ ਜੋ ਕਿ ਇਨਸਾਨ ਸਾਡਾ ਗੁੜ ਟੇਸਟ ਕਰਦਾ ਹੈ ਫਿਰ ਏਸੇ ਦੀ ਹੀ ਡਿਮਾਂਡ ਕਰਦਾ ਹੈ। ਅਸੀਂ 4 ਰਕਬੇ ਵਿੱਚ ਗੰਨੇ ਦੀ ਗੁੜ ਲਈ ਕਿਸਮ 15023, 0118, 64, 95 ਦੀ ਕਾਸ਼ਤ ਕਰਦੇ ਹਾਂ। ਬਾਕੀ ਦਾ ਗੰਨਾ ਮਿੱਲ ਨੂੰ ਭੇਜਦੇ ਹਾਂ। ਉਹਨਾਂ ਕਿਹਾ ਕਿ ਜਦੋਂ ਅਸੀਂ 2017 ਵਿਚ ਕੰਮ ਗੁੜ ਸ਼ੱਕਰ ਬਣਾਉਣ ਦਾ ਸ਼ੁਰੂ ਕੀਤਾ, ਉਸ ਸਮੇਂ ਸਾਨੂੰ ਖੁਦ ਨੂੰ ਬਣਦਾ ਵਾਜਿਬ ਰੇਟ ਨਹੀਂ ਮਿਲਿਆ, ਉਲਟਾ ਕੁੱਝ ਕੁ ਫੇਰੀਆਂ ਲਗਾਉਣ ਵਾਲਿਆਂ ਨੂੰ ਤੇ ਕੁੱਝ ਕਾਦੀਆਂ ਦੇ ਦੁਕਾਨਦਾਰਾਂ ਨੂੰ 40 ਰੁਪਏ ਸਸਤਾ ਦਿੰਦੇ ਰਹੇ। ਜਿਸ ਦਾ ਨੁਕਸਾਨ ਸੀਜ਼ਨ ਦੌਰਾਨ 90,000/- ਰੁਪਏ ਬਣਦਾ ਸੀ, ਅਜੇ ਕਿ ਗੰਨਾ ਸਾਡਾ ਆਪਣਾ ਸੀ, ਬਾਕੀ ਹੋਰ ਵੀ ਖਰਚਾ ਉਲਟਾ ਪੱਲਿਉਂ ਹੀ ਪੈਂਦਾ ਰਿਹਾ। ਫਿਰ ਹੌਲੀ ਹੌਲੀ ਤਜ਼ਰਬੇ ਵਧਣ ਨਾਲ ਅਸੀਂ ਪੁਰਾਣੀ ਪ੍ਰੰਪਰਾਗਤ ਕੁਆਲਿਟੀ ਤੇ ਪਹੁੰਚੇ ਤਾਂ ਫੇਰ ਸਾਨੂੰ ਕਿਸੇ ਨੂੰ ਗੁੜ ਖਰੀਦਣ ਲਈ ਕਹਿਣ ਦੀ ਲੋੜ ਨਹੀਂ ਪਈ। ਉਹਨਾਂ ਦੱਸਿਆ ਕਿ ਅੱਜ ਅਸੀਂ ਆਪਣੀ ਕੁਆਲਿਟੀ ਦਾ ਰੇਟ 80/- ਰੁਪਏ ਪ੍ਰਤੀ ਕਿਲੋ ਰੱਖਿਆ ਹੈ। ਇਸ ਦੇ ਭਾਅ ਬਾਰੇ ਵੀ ਜ਼ਿਕਰ ਕਰਦਿਆਂ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਮੈਨੂੰ ਏਸ ਰੇਟ ਤੇ ਕੋਈ ਬੱਚਤ ਨਹੀਂ ਬੱਸ ਇਹ ਕਹਿ ਲਵੋ ਕਿ ਕੇਵਲ ਮਿੱਲਾਂ ਨਾਲੋਂ ਰੇਟ ਗੰਨੇ ਦਾ ਰੋਟੀਨ 'ਚ ਮਿਲ ਜਾਂਦਾ ਹੈ। ਪ੍ਰੋਸੈਸਿੰਗ ਦਾ ਰੇਟ ਜੇਕਰ ਅਸੀਂ 110/- ਰੁਪਏ ਰੱਖਦੇ ਹਾਂ, ਤਾਂ ਫਿਰ ਅਸੀਂ ਕਹਿ ਸਕਦੇ ਹਾਂ ਕਿ ਸਾਨੂੰ ਇਸ ਦੀ ਪ੍ਰੋਸੈਸਿੰਗ 'ਚ ਕੁਝ ਬੱਚਦਾ ਹੈ।

ਚੱਲਦਾ

ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ

ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ
ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਮੋ. 90410-14575 ਈ-ਮੇਲ : khetiduniyan1983@gmail.com